1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 18,19

੩੧ ਅੱਸੂ ਤੋਂ ੩੦ ਕੱਤਕ ੨੦੮੧ ਬਿ.
16 October to 15 November 2024

# ਸਤਿਜੁਗ




10/-

# ਸ੍ਰੀ ਸਤਿਗੁਰੂ ਜੀ ਨਾਲ ਅੱਸੂ ਦੇ ਮੇਲੇ ਦੀ ਸੇਵਾ ਕਰਵਾਉਣ ਵਾਲੇ
# ਸੰਤ ਚਰਨਜੀਤ ਸਿੰਘ ਜੀ ਦਾ ਪਰਿਵਾਰ ਯਾਦਗਾਰੀ ਫੋਟੋ ਕਰਾਉਂਦਾ ਹੋਇਆ





# ਸਤਿਜੁਗ

਩੧ ਅੱਸੂ ਤੋਂ ੩੦ ਕੱਤਕ ੨੦੮੧ ਬਿ.
16 ਅਕਤੂਬਰ ਤੋਂ 15 ਨਵੰਬਰ 2024 ਈ.
ਜਿਲਦ 104, ਨੰਬਰ 18,19



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....4
* ਗੁਰਬਾਣੀ ਵਿਆਖਿਆ....6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ....8
* ਜੀਵਨ ਸ੍ਰੀ ਗੁਰੂ ਅਮਰਦਾਸ ਜੀ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....10
* ਸਿਹਤ ਸੰਭਾਲ ਬਾਰੇ ਮਿੱਥਾਂ ਅਤੇ ਸਿਹਤ ਸਿੱਖਿਆ
  ਡਾ. ਅਰੁਣ ਮਿੱਤਰਾ....15
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....17
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....20
* Humility – The Essence of *Sikhi*
  Alla Singh....22
* ਖ਼ਬਰਨਾਮਾ....30


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਚੌਤਰਫ਼ੀ ਕੂੜ ਹਨੇਰੀ, ਅੰਧ ਵਿਸ਼ਵਾਸ਼, ਫੋਕਟ ਰਸਮਾਂ-ਰਿਵਾਜ਼, ਧਾਰਮਿਕ ਸੰਸਕਾਰਾਂ ਦੇ ਨਾਮ ਲੁੱਟ ਘਸੁੱਟ, ਸਿਰ ਦਰਦ ਬਣਿਆ ਸਮਾਜਿਕ ਤਾਣਾ-ਬਾਣਾ, ਕਿਰਦਾਰ ਤੋਂ ਡਿੱਗੇ ਧਾਰਮਿਕ ਅਤੇ ਰਾਜਨੀਤਿਕ ਰਹਿਬਰ ਇਹਨਾਂ ਸਾਰਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਅਧਾਤਮਿਕ ਅਤੇ ਸਮਾਜਿਕ ਜੀਵਨ ਧਰਾਤਲ 'ਤੇ ਕੋਈ ਥਾਂ ਨਹੀਂ ਦਿੱਤੀ। ਇਸ ਕਰਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਕਿਹਾ ਸੀ-

"ਗੁਰੂ ਨਾਨਕ ਨੇ ਇਕੋ ਮਨੁੱਖੀ ਉਮਰ ਵਿੱਚ ਇਹ ਸਾਰਾ ਆਲ ਜੰਜਾਲ ਝਾੜ ਸੁੱਟਿਆ ਤੇ ਆਪਣੀ ਜਨਮ-ਭੂਮੀ ਪੰਜਾਬ ਦਾ ਕਾਇਆ-ਕਲਪ ਕਰ ਦਿੱਤਾ ਸੀ। ਜਦੋਂ ਅਸੀਂ ਪੰਜਾਬੀਆਂ ਦਾ ਹੋਰ ਪ੍ਰਾਤਾਂ ਦੇ ਲੋਕਾਂ ਨਾਲ ਮੁਕਾਬਲਾ ਕਰਦੇ ਹਾਂ ਤਾਂ ਉਸ ਕਾਇਆ ਕਲਪੀ ਦੇ ਖੰਡਰ ਨਿਸ਼ਾਨ ਅਜੇ ਵੀ ਪੰਜਾਬੀ ਜੀਵਨ ਵਿਚ ਦਿਸਦੇ ਹਨ।" ਇਸ ਕਰਕੇ ਹੀ ਗੁਰੂ ਅਰਜਨ ਦੇਵ ਜੀ ਕਿਹਾ ਸੀ ਕਿ ਗੁਰੂ ਨਾਨਕ ਨਾਲ ਮਿਲਾਪ ਦਾ ਮਤਲਬ ਹੈ ਸਧਾਰਨ ਢੰਗ ਨਾਲ ਜ਼ਿੰਦਗੀ ਬਤੀਤ ਕਰਦੇ ਅਭੇਦਤਾ ਦੇ ਲਕਸ਼ ਨੂੰ ਪ੍ਰਾਪਤ ਕਰਨਾ-

ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਂਵੰਦਿਆ ਵਿਚੇ ਹੋਵੈ ਮੁਕਤਿ॥

ਕਿਰਤ ਨੂੰ ਵਡਿਆਉਣ ਵਾਲੇ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਸੰਸਾਰ ਦੇ ਭਲੇ ਲਈ ਤਿੰਨ ਨਿਯਮ ਬਣਾਏ ਜੋ ਸਦਾ ਅਟੱਲ ਹਨ।

ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ। ਨਾਮ ਜੱਪਣ ਤੋਂ ਭਾਵ ਉਸ ਪ੍ਰਮੇਸ਼ਰ ਦੀ ਹੋਂਦ ਨੂੰ ਸਵੀਕਾਰ ਕਰਦੇ ਹੋਏ ਹੁਕਮ ਵਿੱਚ ਰਹਿਣਾ। ਹਰ ਜੀਵ, ਹਰ ਕਿਣਕੇ ਵਿਚੋਂ ਉਸ ਦੀ ਵਿਸ਼ਾਲਤਾ, ਸ੍ਰੇਸ਼ਟਤਾ ਨੂੰ ਅਨੁਭਵ ਕਰਦੇ ਹੋਏ ਉਸ ਅਨੁਸਾਰੀ ਰਹਿਣ ਲਈ ਸਦਾ ਚਿੰਤਨ ਕਰਨਾ। ਨਾਮ ਤੋਂ ਬਾਅਦ ਕਿਰਤ ਦੀ ਮਹਾਨਤਾ ਨੂੰ ਜਗਤ ਵਿੱਚ ਵਡਿਆ ਕੇ ਗੁਰੂ ਨਾਨਕ ਪਾਤਸ਼ਾਹ ਨੇ ਇਕ ਹੋਰ ਇੰਕਲਾਬੀ ਕਦਮ ਪੁੱਟਿਆ। ਘਰ-ਬਾਰ ਤਿਆਗ, ਕਿਰਤ ਤੋਂ ਦੂਰ ਹੋ ਕੇ ਜੰਗਲਾਂ ਪਹਾੜਾਂ ਵਿੱਚ ਬੈਠਣ ਵਾਲਿਆਂ ਨੂੰ ਗੁਰੂ ਨਾਨਕ ਨਿਖਟੂ ਆਖਦੇ ਹਨ-

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੂ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਕਿਰਤੀ 'ਤੇ ਹੀ ਮਨੁੱਖੀ ਵਿਕਾਸ ਨਿਰਭਰ ਹੈ। ਗੁਰੂ ਪਾਤਸ਼ਾਹ ਇਸ ਵਿਕਾਸ ਦੇ ਸਦਾ ਹਾਮੀ ਹਨ। ਤੀਸਰਾ ਨਿਯਮ ਹੈ "ਵੰਡ ਛਕਣਾ।"

ਅੱਜ ਜੋ ਯੁੱਗ ਗਰਦੀ ਦਾ ਪਸਾਰਾ ਅਸੀਂ ਦੇਖ ਰਹੇ ਹਾਂ ਇਸ ਵਿੱਚ ਭੁੱਖਮਰੀ ਨਾਲ ਦੁਨੀਆਂ ਦੇ ਕਈ ਹਿੱਸੇ ਕੁਰਲਾ ਰਹੇ ਹਨ। ਇਹ ਬੇਬਸੀ, ਭੁਖਮਰੀ ਸਭ ਖ਼ਤਮ ਹੋ ਸਕਦੀ ਹੈ ਜੇ ਸਭ ਲੋਕ ਗੁਰੂ ਨਾਨਕ ਦੇਵ ਜੀ ਦੇ ਇਸ ਨਿਯਮ ਦੇ ਧਾਰਨੀ ਹੋ ਜਾਣ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕਿਸੇ ਪੁੱਛਿਆ ਸੀ ਕਿ ਵਿਸ਼ਵ ਸ਼ਾਂਤੀ ਕਿਸ ਤਰ੍ਹਾਂ ਹੋ ਸਕਦੀ ਹੈ ਤਾਂ ਆਪ ਨੇ ਉਤਰ ਦਿੱਤਾ ਗੁਰੂ ਨਾਨਕ ਦੇਵ ਜੀ ਦਾ ਰਸਤਾ ਅਪਣਾ ਕੇ ਜੋ ਕਹਿੰਦਾ ਹੈ ਮਨੁੱਖ ਆਪਣੇ ਹੱਕ ਦਾ ਦਾਨ ਕਰੇ ਅਤੇ ਦੂਜੇ ਦੇ ਹੱਕ ਦੀ ਰਾਖੀ ਕਰੇ ਤਾਂ ਵਿਸ਼ਵ ਸ਼ਾਂਤੀ ਹੋ ਸਕਦੀ ਹੈ।

ਪੰਜਾਬ ਸਦੀਆਂ ਤੋਂ ਲਤਾੜਿਆ ਗਿਆ ਬਾਹਰੀ ਹਮਲਾਵਰਾਂ ਵਲੋਂ। ਲੋਕਾਂ ਦੀਆਂ ਖੁਆਰੀਆਂ ਹਰ ਸਾਲ ਨਵੇਂ ਨਸੂਰ ਪੈਦਾ ਕਰਦੀਆਂ। ਮੁਲਕ ਦਾ ਦਰਵਾਜਾ ਹੋਣ ਕਾਰਨ ਬਾਕੀ ਭਾਰਤੀ ਸੂਬਿਆਂ ਨਾਲੋਂ ਇਸ ਦੇ ਲੋਕ ਵਧੇਰੇ ਸ਼ਿਕਾਰ ਹੋਏ। ਉਥਲ-ਪੁਥਲ ਵਿਚੋਂ ਨਿਰਾਸਤਾ, ਵਿਹਮ ਪ੍ਰਸਤੀ, ਬੇ ਉਮੀਦਗੀ ਅਤੇ ਬੇ ਭਰੋਸਗੀ ਨਿਕਲਦੀ ਹੈ, ਜੋ ਪੰਜਾਬ ਦਾ ਨਸੀਬ ਬਣ ਚੁੱਕੀ ਸੀ। ਜਾਤੀ ਵੰਡ, ਉਚ ਨੀਚਤਾ ਨੇ ਲੋਕਾਈ ਨੂੰ ਚਾਰੇ ਪਾਸਿਆਂ ਤੋਂ ਹੀਣਤਾ ਭਾਵ ਨਾਲ ਭਰ ਦਿੱਤਾ। ਇਸ ਖੜੋਤ ਨੇ ਮਾਨਸਿਕ ਵਿਚਾਰਾਂ ਨੂੰ ਗੰਧਲੇ ਕਰ ਦਿੱਤਾ। ਇਸ ਅਧੋਗਤੀ ਦੇ ਸਮੇਂ ਗੁਰੂ ਨਾਨਕ ਦਾ ਪ੍ਰਕਾਸ਼ ਹੋਇਆ। ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸੇਖੂਪੁਰਾ ਵਿਖੇ, ਕੱਤਕ ਦੀ ਪੂਰਨਮਾਸ਼ੀ ਨੂੰ ਭਾਗ ਲੱਗੇ। ਭਾਈ ਗੁਰਦਾਸ ਜੀ ਲਿਖਿਆ- "ਧੁੰਦ ਮਿਟ ਗਈ ਪ੍ਰਕਾਸ਼ ਹੋ ਗਿਆ।"

ਪੰਜਾਬ ਦੇ ਅੰਗ ਮੋਕਲੇ ਜੋ ਗਏ ਕਿ ਸੁਚੀ ਕਮਾਈ ਨੂੰ ਪੰਜਾਬੀਆਂ ਨੇ ਆਪਣਾ ਧਰਮ ਮੰਨ ਲਿਆ। ਪੰਜਾਬੀਆਂ ਦੇ ਮਨ ਮੋਕਲੇ ਹੋ ਗਏ ਕਿ ਉਹਨਾਂ ਵਿਚੋਂ ਗੁਰੂ ਨਾਨਕ ਨੇ ਸਾਰੇ ਭਰਮ ਭੁਲੇਖੇ ਕੱਢ ਦਿੱਤੇ। ਤੀਰਥ ਅਸ਼ਨਾਨ ਅਮਲਾਂ ਤੋਂ ਵਿਰਵੇ ਪੂਜਾ ਪਾਠ, ਦੇਵੀਆਂ ਦੇਵਤਿਆਂ ਦੀ ਮੁਥਾਜੀ, ਨਰਕਾਂ ਸੁਰਗਾਂ ਦੀ ਚਿੰਤਾ, ਮਨੁੱਖ ਤੋਂ ਬੇ-ਪਰਵਾਹ ਹੋ ਕੇ ਜੰਗਲਾਂ ਖੁੰਦਰਾਂ ਵਿਚ ਭਗਤੀ ਦਾ ਟੀਚਾ ਤੇ ਜ਼ਾਤ-ਪਾਤ ਦਾ ਆਲ ਜੰਜਾਲ ਇਕ ਵੱਢੋਂ ਕੱਟ ਕੇ ਸਾਫ਼ ਕਰ ਦਿੱਤਾ, ਧੁੰਦ ਮੇਟ ਦਿੱਤੀ, ਜਗ ਚਾਨਣਾ ਕਰ ਦਿੱਤਾ। ਲੋਕਾਂ ਨੂੰ ਪ੍ਰਤੱਖ ਦਿਸ ਪਿਆ ਕਿ ਜ਼ਿੰਦਗੀ ਦੇ ਸਭ ਨਬੇੜੇ ਕਰਮਾਂ ਉਤੇ ਹੁੰਦੇ ਹਨ, ਜ਼ਾਤ-ਪਾਤ ਤੇ ਪੁੰਨ ਪੂਜਾ ਦੀ ਕੋਈ ਪੁਛ ਨਹੀਂ (ਗੁਰਬਖ਼ਸ਼ ਸਿੰਘ) ਗੁਰੂ ਨਾਨਕ ਦੇਵ ਜੀ ਦਾ ਇਹ ਜਲਵਾ ਸੀ, ਉਹ ਜਿਸ ਤਰਫ਼ ਗਏ ਲੋਕ ਸੱਚੇ-ਸੁੱਚੇ ਅਮਲਾਂ ਦੇ ਧਾਰਨੀ ਬਣੇ। ਜੀਵਨ ਮਹੱਤਤਾ ਅਤੇ ਮਨੁੱਖੀ ਜੀਵਨ ਵਿਕਾਸ ਲਈ ਉਹਨਾਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਇਨ੍ਹਾਂ ਯਾਤਰਾਵਾਂ ਦੌਰਾਨ ਹੋਈਆਂ ਗੋਸਟੀਆਂ ਅਧਿਆਧਮਿਕ, ਸਮਾਜਿਕ ਅਤੇ ਨੈਤਿਕ ਕਦਰਾਂ ਦੀਆਂ ਗੁਝੀਆਂ ਰਮਜਾਂ ਖੋਲਦੀਆਂ ਹਨ।

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਸ੍ਰੋਣਵਤ ਬੀਜ ਵਧਾਈਆਂ ਅਗਣਿਤ ਸੂਰਤਾਂ॥**
ਸ੍ਰੋਣਤ ਬੀਜ ਨੇ ਬੇਗਿਣਤ ਸੂਰਤਾਂ ਵਧਾ ਲਈਆਂ।
There were now countless clones of Sarounat-Beej.

**ਦੁਰਗਾ ਸਉਹੇਂ ਆਈਆਂ ਰੋਹ ਬਢਾਇ ਕੈ॥**
ਉਹ ਸੂਰਤਾਂ ਗੁੱਸਾ ਵਧਾ ਕੇ ਚੰਡਿਕਾ ਦੇ ਸਾਹਮਣੇ ਆ ਗਈਆਂ।
These enraged clones faced off to Chandika.

**ਸਭਨੀ ਆਣਿ ਵਗਾਈਆਂ ਤੇਗਾਂ ਧੂਹਿ ਕੈ॥**
ਉਹਨਾਂ ਸਾਰੀਆਂ ਸੂਰਤਾਂ ਨੇ ਮਿਆਨੋਂ ਤਲਵਾਰਾਂ ਖਿੱਚ ਕੇ ਦੇਵੀ ਉੱਤੇ ਚਲਾ ਦਿੱਤੀਆਂ।
All of them pulled out their swords, and attached Devi Durga.

**ਦੁਰਗਾ ਸਭ ਬਚਾਈਆਂ ਢਾਲ ਸੰਭਾਲ ਕੈ॥**
ਦੇਵੀ ਨੇ ਹੀ ਢਾਲ ਫੜ ਕੇ ਸਾਰੀਆਂ ਚੋਟਾਂ ਬਚਾ ਲਈਆਂ।
*Devi Durga fended off the attack with a shield.*

**ਦੇਵੀ ਆਪ ਚਲਾਈਆਂ ਤਕਿ ਤਕਿ ਦਾਨਵੀਂ॥**
ਦੈਤਾਂ ਨੂੰ ਤੱਕ-ਤੱਕ ਕੇ ਦੇਵੀ ਨੇ ਆਪ ਤਲਵਾਰਾਂ ਚਲਾਈਆਂ।
Pushing back, she launched her own attack.

**ਲੋਹੂ ਨਾਲਿ ਡੁਬਾਈਆਂ ਤੇਗਾਂ ਨੰਗੀਆਂ॥**
ਸੂਰਮਿਆਂ ਨੇ ਨੰਗੀਆਂ ਤਲਵਾਰਾਂ ਲਹੂ ਨਾਲ ਭਿਉਂ ਦਿੱਤੀਆਂ।
She drenched her naked sword with the blood of these brave soldiers.

**ਸਾਰਸੁਤੀ ਜਣੁ ਨ੍ਹਾਈਆਂ ਮਿਲਿਕੈ ਦੇਵੀਆਂ॥**
ਮਾਨੋ ਕਿ ਦੇਵੀਆਂ ਮਿਲ ਕੇ ਲਾਲ ਪਾਣੀ ਵਾਲੀ ਨਦੀ ਸਰਸਵਤੀ ਵਿੱਚ ਨ੍ਹਾਤੀਆਂ ਹੋਣ।
As if, deities had been bathing in the red river Sarasvati.

**ਸੱਭੇ ਮਾਰਿ ਗਿਰਾਈਆਂ ਅੰਦਰਿ ਖੇਤ ਦੈ॥**
ਸ੍ਰੋਣਤ ਬੀਜ ਦੀਆਂ ਸਾਰੀਆਂ ਦੇਹਾਂ ਮਾਰ ਕੇ ਮੈਦਾਨੇ-ਜੰਗ ਵਿੱਚ ਡੇਗ ਦਿੱਤੀਆਂ ਗਈਆਂ।
Every clone of Sarounat-Beej lay defeated on the ground.

**ਤਿਦੂੰ ਫੇਰਿ ਸਵਾਈਆਂ ਹੋਈਆਂ ਸੂਰਤਾਂ॥40॥**
ਫਿਰ ਤਾਂ ਉਸ ਤੋਂ ਵੀ ਦੂਣ ਸਵਾਈਆਂ ਸੂਰਤਾਂ ਪੈਦਾ ਹੋ ਗਈਆਂ॥
But then an even bigger clone emerged.

**ਪਉੜੀ॥**

**ਸੂਰੀਂ ਸੰਘਰ ਰਚਿਆ ਢੋਲ ਸੰਖ ਨਗਾਰੇ ਵਾਇ ਕੈ॥**

ਯੋਧਿਆਂ ਨੇ ਢੋਲ, ਸੰਖ ਅਤੇ ਨਗਾਰੇ ਵਜਾ ਕੇ ਜੰਗ ਸ਼ੁਰੂ ਕੀਤਾ।

Solders restarted the war by sounding the war drum, conch shell and war trumpets.

**ਚੰਡਿ ਚਿਤਾਰੀ ਕਾਲਿਕਾ ਮਨ ਬਹਲਾ ਰੋਸ ਬਢਾਇ ਕੈ॥**

ਮਨ ਵਿੱਚ ਬਹੁਤ ਗੁੱਸਾ ਵਧਾ ਕੇ ਚੰਡਿਕਾ ਨੇ ਕਾਲਿਕਾ ਦੇਵੀ ਨੂੰ ਮਦਦ ਲਈ ਯਾਦ ਕੀਤਾ।

Enraged, Chandika contemplated Devi Kalika and asked her for help.

**ਨਿਕਲੀ ਮੱਥਾ ਫੋੜਿਕੈ ਜਣੁ ਫਤੇ ਨੀਸਾਣ ਬਜਾਇ ਕੈ॥**

ਪੌਰਾਨਿਕ ਕਥਾ ਅਨੁਸਾਰ ਦੁਰਗਾ ਦੇ ਮੱਥੇ ਵਿੱਚੋਂ ਕਾਲਕਾ ਦੇ ਪ੍ਰਗਟ ਹੋਣ 'ਤੇ ਜਿੱਤ ਦੇ ਨਗਾਰੇ ਵੱਜ ਉੱਠੇ।

It it said that Kalika appeared onto Durga's forehead,
upon seeing this the victory war drum was beaten.

**ਜਾਗ ਸੁ ਜੰਮੀ ਜੁੱਧ ਨੂੰ ਜਰਵਾਣਾ ਜਣੁ ਮਿਰੜਾਇਕੈ॥**

ਯੁੱਧ ਵਾਸਤੇ ਦੱਬੀ ਹੋਈ ਕਾਲਕਾ ਰੂਪੀ ਅੱਗ ਇਸ ਤਰ੍ਹਾਂ ਭੜਕੀ,
ਜਿਸ ਤਰ੍ਹਾਂ ਸ਼ਿਵ ਦੀਆਂ ਜਟਾਵਾਂ ਤੋਂ ਬੀਰਭੱਦ੍ਰ ਪੈਦਾ ਹੋਇਆ ਹੋਵੇ।

The fiery energy of Kalika manifested into the battlefield like
Virabhadra emerging from the locks of Shiva's hair.

**ਦਲ ਵਿਚਿ ਘੇਰਾ ਘੱਤਿਆ ਜਣੁ ਸੀਂਹ ਤੁਰਿਆ ਗਣਣਾਇ ਕੈ॥**

ਸ਼ੇਰ ਵਾਂਗੂੰ ਗਰਜਦੀ ਹੋਈ ਕਾਲਕਾ ਨੇ ਦੈਂਤਾਂ ਦੇ ਦਲ ਨੂੰ ਘੇਰਾ ਪਾ ਲਿਆ।

The fearsome, lion like Kalika surrounded the demon army.

**ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਣਸਾਇ ਕੈ॥**

ਰਕਤਬੀਜ ਗੁੱਸਾ ਖਾ ਕੇ ਤਿੰਨਾਂ ਲੋਕਾਂ ਲਈ ਦੁੱਖਦਾਈ ਕੰਡਾ ਬਣ ਗਿਆ।

Rakat-beej had become a threat to the three worlds.

**ਰੋਹ ਸਿਧਾਈਆ ਚਕ੍ਰਪਾਨਿ ਕਰ ਨੰਦਾ ਖੜਗ ਉਠਾਇ ਕੈ॥**

ਕ੍ਰੋਧਵਾਨ ਹੋਈ ਦੁਰਗਾ ਇੱਕ ਹੱਥ ਵਿੱਚ ਚੱਕਰ ਤੇ ਦੂਜੇ ਵਿੱਚ ਤਲਵਾਰ ਲੈ ਕੇ ਦੈਂਤਾਂ 'ਤੇ ਟੁੱਟ ਪਈ।

The enraged Durga wielded a Chakram (circular weapon) with one hand and
then with a sword, and attacked the demon army.

**ਅਗੇ ਰਾਕਸ ਬੈਠੇ ਰੋਹਲੇ ਤੀਰੀਂ ਤੇਗੀਂ ਛਹਬਰ ਲਾਇ ਕੈ॥**

ਅਗਲੇ ਪਾਸੇ ਗੁੱਸੇ ਦੇ ਭਰੇ ਰਾਖਸ਼ਾਂ ਨੇ ਤੇਗਾਂ ਤੇ ਤੀਰਾਂ ਦੀ ਝੜੀ ਲਾ ਦਿੱਤੀ।

On the other side, the infuriated demon army launched a storm of arrows.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਉਪਦੇਸ਼ ਸ੍ਰੀ ਸਤਿਗੁਰ ਉਦੇ ਸਿੰਘ ਜੀ

**ਅੱਸੂ ਦਾ ਮੇਲਾ, ਸ੍ਰੀ ਭੈਣੀ ਸਾਹਿਬ** **16 ਸਤੰਬਰ 2024**

ਪਰਮ ਸਤਿਕਾਰਯੋਗ ਸਾਧ ਸੰਗਤ ਜੀ ਜਿਹੜੇ ਆਪ ਉਚੇਚ ਕਰਕੇ ਨਾਮ ਸਿਮਰਨ ਕਰਨ ਆਏ ਹੋ ਪ੍ਰਯੋਗ ਕਰਨ ਆਏ ਹੋ, ਕਿਉਂਕਿ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ

**ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥**

ਜਿਹੜੇ ਨਾਮ ਸਿਮਰਦੇ ਨੇ ਜਿਹੜੇ ਅਕਾਲ ਪੁਰਖ ਨੂੰ ਸਿਮਰਦੇ ਨੇ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ ਕਿ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ। ਇਹ ਪ੍ਰਯੋਗ ਦੇ ਰੂਪ ਵਿੱਚ ਇਹ ਦਾਨ ਦਿੱਤਾ। ਇਹ ਕਿਰਪਾ ਕੀਤੀ।

ਇਹ ਸ਼ੁਰੂਆਤ ਹੋਈ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਤੋਂ ਅਤੇ ਉਹਨਾਂ ਮਾਤਾ ਜੀ ਨੂੰ ਵੀ ਯਾਦ ਕਰ ਲਈਏ ਜਿਨ੍ਹਾਂ ਨੇ ਕਿਰਪਾ ਕੀਤੀ ਪ੍ਰਯੋਗ ਸ਼ੁਰੂ ਹੋਣ ਤੋਂ ਬਾਅਦ, ਪਹਿਲਾਂ ਮਾਈਆਂ ਬੀਬੀਆਂ ਪ੍ਰਯੋਗ ਵਿੱਚ ਨਹੀਂ ਸੀ ਲੱਗਦੀਆਂ ਮਾਤਾ ਭੁਪਿੰਦਰ ਕੌਰ ਜੀ ਨੇ ਕਿਰਪਾ ਕੀਤੀ, ਮਾਈਆਂ ਬੀਬੀਆਂ ਨੂੰ ਵੀ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਜ਼ ਕਰਕੇ ਇਹ ਪ੍ਰਯੋਗ ਸ਼ੁਰੂ ਕਰਾਇਆ। ਪਰ ਅੱਜ ਸ਼ਾਇਦ ਇਹ ਪ੍ਰਯੋਗ ਸੌ ਥਾਵਾਂ ਤੋਂ ਵੀ ਜਿਆਦਾ ਦੇਸ਼ਾਂ ਵਿੱਚ ਚੱਲ ਰਿਹਾ ਹੈ। ਇਹ ਕਿਰਪਾ ਕੀਤੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ।



ਇਹ ਸਤਿਗੁਰੂ ਸੱਚੇ ਪਾਤਸ਼ਾਹ ਦਾ ਇੱਕ ਬਚਨ ਸ਼ਾਇਦ ਤੁਸੀਂ ਰਿਕਾਰਡਿਗ ਵਿੱਚ ਸੁਣਿਆ ਹੋਣਾ ਏ, ਸੱਚੇ ਪਾਤਸ਼ਾਹ ਹੁਕਮ ਕਰਦੇ ਸਨ, ਕਿ ਮੇਰਾ ਜੀਅ ਕਰਦਾ ਨਾਮ ਸਿਮਰਨ ਵਾਲਿਆਂ ਨਾਲ ਇਹ ਮੰਦਰ ਭਰਿਆ ਹੋਵੇ ਉਦੋਂ ਸ਼ਾਇਦ ਪ੍ਰਤਾਪ ਮੰਦਰ ਦਾ ਬਚਨ ਹੋਏਗਾ ਤੇ ਅੱਜ ਸੱਚੇ ਪਾਤਸ਼ਾਹ ਦਾ ਉਹ ਵੀ ਬਚਨ ਪੂਰਾ ਹੋ ਜਾਂਦਾ ਹੈ।

ਅੱਜ ਆਪਾਂ ਇਸ ਕਰਕੇ ਇੱਥੇ ਪ੍ਰਯੋਗ ਕੀਤਾ ਕਿ ਪ੍ਰਤਾਪ ਮੰਦਰ ਵਿੱਚ ਵੀ ਸ਼ਾਇਦ ਸੰਗਤ ਨਾ ਪੂਰੀ ਹੁੰਦੀ। ਸੱਚੇ ਪਾਤਸ਼ਾਹ ਨੇ ਜੋ-ਜੋ ਬਚਨ ਕੀਤਾ ਜੋ-ਜੋ ਉਹਨਾਂ ਇੱਛਾ ਕੀਤੀ ਹੈ ਉਹ ਉਸ ਤਰ੍ਹਾਂ ਹੀ ਹੁੰਦਾ ਗਿਆ। ਜੋ ਕੁਝ ਹੁੰਦਾ ਉਹਨਾਂ ਦੀ ਕਿਰਪਾ ਨਾਲ ਹੁੰਦਾ। ਉਹ ਸਾਡੇ ਕੀਤਿਆਂ ਨਹੀਂ ਹੁੰਦਾ ਉਹਨਾਂ ਦੀ ਕਿਰਪਾ ਨਾਲ ਹੁੰਦਾ। ਇਹ ਮੰਗ ਜਰੂਰ ਮੰਗਦੇ ਹਾਂ ਕਿ ਸੱਚੇ ਪਾਤਸ਼ਾਹ ਇਹ ਕਿਰਪਾ ਕਰਿਓ, ਕਿਤੇ ਹੰਕਾਰ ਨਾ ਹੋ ਜਾਵੇ ਕਿ ਮੇਰੇ ਕੀਤਿਆਂ ਹੁੰਦਾ, ਮੈਂ ਕਰਦਾ ਹਾਂ, ਸਗੋਂ ਇਹ ਰਹੇ ਕਿ ਕਰਨ ਵਾਲਾ ਤੂੰ ਹੀ ਹੈਂ, ਤੂੰ ਕਰਤਾ ਹੈਂ, ਸੇਵਾ ਤੇਰੇ ਤੋਂ ਬਿਨਾਂ ਨਹੀਂ ਹੋ ਸਕਦੀ, ਤੇਰਾ ਨਾਮ ਤੇਰੀ ਕਿਰਪਾ ਤੋਂ ਬਿਨਾਂ ਨਹੀਂ ਜਪਿਆ ਜਾ ਸਕਦਾ।

ਮੈਂ ਇਸ ਸਮੇਂ ਅਰਜ ਕਰਨੀ ਚਾਹੁੰਦਾ ਕਿ 25-26 ਦਿਨ ਇਹ ਪ੍ਰਯੋਗ ਚਲੇਗਾ ਅਤੇ ਬਹੁਤ ਸਾਰੀ ਸੰਗਤ ਨੇ ਕਿਰਪਾ ਕੀਤੀ, ਇਸ ਤੋਂ ਬਹੁਤ ਪਹਿਲਾਂ ਪ੍ਰਯੋਗ ਦਾ ਸ਼ੁਰੂ ਕੀਤਾ ਹੋਇਆ ਆਪੋ ਆਪਣੇ ਘਰਾਂ ਵਿੱਚ, ਆਪੋ-ਆਪਣੇ ਪਿੰਡਾਂ ਵਿੱਚ ਸ਼ਹਿਰਾਂ ਵਿੱਚ। ਪਰ ਬਹੁਤ ਸਾਰਿਆਂ ਨੇ ਤੁਸੀਂ ਇੱਥੇ ਆ ਕੇ ਭੈਣੀ ਸਾਹਿਬ 25-26 ਦਿਨ ਰਹਿਣਾ ਹੈ।

ਇੱਕ ਤੇ ਮੈਂ ਇਹ ਅਰਜ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਵੀ ਤੁਸੀਂ ਪ੍ਰਯੋਗ 'ਚ ਲੱਗੇ ਹੋ। ਘੱਟ ਤੋਂ ਘੱਟ ਇੰਨੇ

ਦਿਨ ਇਹ ਕਿਰਪਾ ਕਰੋ ਕਿ ਬਾਹਰੋਂ ਨਾ ਖਾਈਏ। ਉਤਨਾ ਚਿਰ ਐਨਾ ਕੁ ਜਰੂਰ ਨਿਯਮ ਰੱਖ ਲਓ ਕਿਉਂਕਿ ਇਹ ਜਿੰਨੀਆਂ ਮਰਿਆਦਾ ਨੇ, ਮਰਿਆਦਾ ਜੇ ਮੈਂ ਕਹਿ ਲਵਾਂ ਕਿ ਇਨੇਬਲਰ ਮਦਦ ਕਰਦੀ ਹੈ। ਮਰਿਆਦਾ ਇਸ ਕਰਕੇ ਨਹੀਂ ਕਿ ਇਹਨਾਂ ਤੇ ਚਲਦਿਆਂ ਸਾਡਾ ਮਨ ਚੰਗਾ ਬਣਦਾ ਹੈ।

ਅਸੀਂ ਇਹ ਸਮਝ ਕੇ ਚੱਲਣਾ ਕਿ ਮਰਿਆਦਾ ਜਿਹੜੀਆਂ ਨੇ ਉਹ ਸਾਡਾ ਰਸਤਾ ਹਨ, ਮਰਿਆਦਾ ਸਾਡੀ ਮੰਜ਼ਿਲ ਨਹੀਂ। ਉਸ ਸਮੇਂ-ਸਮੇਂ ਨਾਲ ਬਦਲਦੀਆਂ ਜਾਂਦੀਆਂ ਨੇ, ਪਰ ਇੱਥੇ ਰਹਿ ਕੇ ਇਹ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਕਰਕੇ ਸ਼ੁਰੂ ਕੀਤਾ ਕਿ ਮਨ ਸਾਡਾ ਮਾਇਆ ਵਿੱਚ ਲੱਗ ਜਾਂਦੈ, ਅਸੀਂ ਮਾਇਆ ਵਿੱਚ ਲੱਗੇ ਰਹਿੰਦੇ ਹਾਂ ਕਿਉਂਕਿ ਮਾਇਆ ਪ੍ਰਬਲ ਹੀ ਇੰਨੀ ਹੈ। ਦੋਨੋਂ ਤਰ੍ਹਾਂ ਦੀ 'ਚੇਤਨ ਮਾਇਆ' ਵੀ ਤੇ 'ਜੜ ਮਾਇਆ' ਵੀ, ਇੰਨੀ ਪ੍ਰਬਲ ਹੈ ਕਿ ਅਸੀਂ ਉਹਨੂੰ ਸੱਚ ਸਮਝਦੇ ਹਾਂ। ਅਸੀਂ ਸਾਰੇ ਸੱਚ ਸਮਝ ਕੇ ਹੀ ਲੱਗੇ ਰਹਿੰਦੇ ਹਾਂ ਕਿਉਂਕਿ ਉਹ ਤਾਂ ਕੋਈ ਹੀ ਉਥੇ ਪਹੁੰਚਦਾ–

**ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨਿ॥**

ਜਿਹੜਾ ਪਹੁੰਚ ਗਿਆ ਉਹੀ ਪੂਜਣਯੋਗ ਹੋ ਜਾਂਦਾ। ਓਹੀ ਹਰੀ ਦਾ ਰੂਪ ਹੋ ਜਾਂਦਾ। ਮੈਂ ਗੱਲ ਕਰਦਾ ਸੀ ਕਿ ਆਪਾਂ ਉਸ ਪ੍ਰਬਲ ਮਾਇਆ ਵਿੱਚ ਉਸੇ ਹੀ ਅਕਾਲ ਪੁਰਖ ਦੀ ਇਹ ਜਿਹੜੀ ਮਾਇਆ ਇਹ ਉਹਦੀ ਹੀ ਖਿਲਾਰੀ ਹੋਈ ਹੈ। ਉਹਦੀ ਪਾਈ ਹੋਈ ਹੈ। ਉਹਦੇ ਵਿੱਚ ਰਹਿ ਕੇ ਉਹ ਦਾਤੇ ਨੂੰ ਭੁੱਲ ਜਾਦੇ ਹਾਂ। ਕਿਉਂਕਿ ਦਾਤ ਪਿਆਰੀ ਹੋ ਜਾਂਦੀ ਹੈ, ਉਹ ਦੇਣ ਵਾਲਾ ਪ੍ਰਭੂ ਭੁੱਲ ਜਾਂਦਾ ਹੈ।

ਇਹ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਹ ਬਖਸ਼ਿਸ਼ ਕੀਤੀ ਕਿ ਘੱਟ ਤੋਂ ਘੱਟ ਇਸ ਸਮੇਂ ਵਿੱਚ ਜੇ ਮੈਂ ਪਹਿਲਾਂ ਸਮਾਂ ਦੇਖਾਂ ਸਤਿਗੁਰ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਦੋਂ ਇਹ ਵੀ ਹੁਕਮ ਹੁੰਦਾ ਸੀ ਕਿ ਇਸ ਸਮੇਂ ਦੇ ਦੌਰਾਨ ਕੋਈ ਵਿਹਾਰਕ ਅਰਜ ਨਾ ਕਰੇ ਪਰ ਜਿੰਨਾ-ਜਿੰਨਾ ਹੋ ਸਕੇ ਮੈਂ ਅਰਜ ਬੇਨਤੀ ਕਰਾਂਗਾ ਕਿ ਵੱਧ ਤੋਂ ਵੱਧ ਸਮਾਂ ਬਚਨ ਘੱਟ ਕਰੋ। ਵੱਧ ਤੋਂ ਵੱਧ ਸਮਾਂ ਨਾਮ ਸਿਮਰਨ ਵਿੱਚ ਲੱਗਾ ਰਹੇ ਕਿਉਂਕਿ ਮਨ ਨੂੰ ਆਦਤ ਪੈ ਜਾਂਦੀ ਹੈ। ਆਪਣੇ ਮਨ ਨੂੰ ਆਦਤ ਬਣੀ ਹੈ ਕਿ ਮਨ ਕਦੀ ਖਲੋਂਦਾ ਹੀ ਨਹੀਂ। ਆਪਣਾ ਸਰੀਰ ਬੇਸ਼ਕ ਖਲੋ ਜਾਵੇ ਮਨ ਖਲੋਂਦਾ ਹੀ ਨਹੀਂ। ਚੱਲਦਾ ਹੀ ਰਹਿੰਦਾ ਹੈ। ਕਦੀ ਪਾਸਟ (ਅਤੀਤ) ਵਿੱਚ ਕਦੀ ਫਿਊਚਰ (ਭਵਿੱਖ) ਵਿੱਚ। ਪ੍ਰੈਜ਼ੈਂਟ (ਵਰਤਮਾਨ) ਵਿੱਚ ਬਹੁਤ ਘੱਟ ਰਹਿੰਦਾ ਹੈ। ਆਪਣੀਆਂ ਸੋਚਾਂ ਚੱਲਦੀਆਂ ਰਹਿੰਦੀਆਂ ਨੇ।

ਜਦੋਂ ਆਪਾਂ ਗੱਲਾਂ ਘੱਟ ਕਰਾਂਗੇ ਗੱਲਾਂ ਭਾਵੇਂ ਉਹ ਆਪਾਂ ਮੈਸੇਜ (ਸੁਨੇਹੇ) ਦੇ ਰੂਪ ਵਿੱਚ ਕਰਦੇ ਹਾਂ ਭਾਵੇਂ ਆਪਾਂ ਮੂੰਹ ਨਾਲ ਕਰਦੇ ਹਾਂ। ਜਦੋਂ ਆਪਾਂ ਗੱਲਾਂ ਘੱਟ ਕਰਾਂਗੇ, ਸਤਿਗੁਰੂ ਸੱਚੇ ਪਾਤਸ਼ਾਹ ਕੋਲ ਬਖਸ਼ਿਸ਼ ਮੰਗਾਂਗੇ, ਗੁਰਬਾਣੀ ਦਾ ਪਾਠ ਜਿਆਦਾ ਕਰਾਂਗੇ, ਨਾਮ ਸਿਮਰਨ ਜਿਆਦਾ ਕਰਾਂਗੇ ਤੇ ਮਨ ਨੂੰ ਵੀ ਉਹ ਆਦਤ ਪੈ ਜਾਏਗੀ ਕਿ ਸਾਡਾ ਮਨ ਭਟਕਣੋ ਹੱਟ ਜਾਂਦਾ ਹੈ। ਜਦੋਂ ਸਾਡਾ ਚਰਨਾਂ ਵਿੱਚ ਮਨ ਜੁੜ ਜਾਂਦਾ ਫਿਰ ਸਾਨੂੰ ਕੋਈ ਡਰ ਨਹੀਂ ਰਹਿ ਜਾਂਦਾ ਫਿਰ ਸੁੱਖ ਹੋ ਜਾਂਦਾ। ਉਸ ਸੁੱਖ ਨਾਲ ਜੁੜਨ ਵਾਸਤੇ ਆਪਾਂ ਇਥੇ ਆਏ ਹਾਂ।

ਸੋ ਮੈਂ ਅਰਜ ਬੇਨਤੀ ਇਸ ਕਰਕੇ ਕਰ ਰਿਹਾ ਕਿ ਆਪਾਂ ਨੂੰ ਇਹ ਯਾਦ ਰਹੇ ਕਿ ਆਪਾਂ ਇੱਥੇ ਕਿਸ ਕਰਕੇ ਆਏ ਹਾਂ ਕਿ ਆਪਾਂ ਨਾਮ ਸਿਮਰਨ ਕਰਕੇ ਸਾਡਾ ਮਨ ਜਿਹੜਾ ਉਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਜੁੜੇ।

ਆਪਾਂ ਸਵੇਰੇ ਇਥੇ ਆਉਂਦੇ ਹਾਂ। ਕੋਸ਼ਿਸ਼ ਕਰੀਏ ਕਿ ਸਾਡਾ ਵੱਧ ਤੋਂ ਵੱਧ ਮਨ ਲੱਗੇ ਇਹ ਡੇਢ ਘੰਟਾ ਅਸੀਂ ਪਹਿਲੇ ਇਸ ਕਰਕੇ ਰੱਖਿਆ ਕਿ ਬਿਲਕੁਲ ਸ਼ਾਂਤੀ ਨਾਲ ਨਾਮ ਸਿਮਰਨ ਹੋਵੇ ਤੇ ਸਾਡਾ ਮਨ ਜੁੜੇ। ਸਾਡੇ ਮਨ ਵਿੱਚੋਂ ਹਰ ਤਰ੍ਹਾਂ ਦੇ ਵਿਚਾਰ ਨਿਕਲ ਜਾਣ। ਆਖਰੀ ਉਹ ਹੈ ਕਿ ਮਨ ਸਾਡਾ ਅਫੁਰ ਹੋਵੇ ਪਰ ਅਫੁਰ ਹੋਣ ਤੋਂ ਪਹਿਲਾਂ ਇਹ ਹੈ ਕਿ ਸਾਡੇ ਮਨ ਚੋਂ ਈਰਖਾ ਦਵੈਸ਼ ਨਿਕਲ ਜਾਵੇ।

ਸੋ ਇੰਨੀਆਂ ਕੁ ਅਰਜ ਕਰਕੇ ਤੁਹਾਡੇ ਸਾਰਿਆਂ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ

........................................................

# ਜੀਵਨ ਸ੍ਰੀ ਗੁਰੂ ਅਮਰਦਾਸ ਜੀ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੀਜੇ ਗੱਦੀ ਨਸ਼ੀਨ ਸਨ। ਜਿਨ੍ਹਾਂ ਨੇ ਬਿਰਧ ਅਵਸਥਾ ਵਿੱਚ ਗੁਰ ਗੱਦੀ ਦੀ ਜ਼ਿੰਮੇਵਾਰੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਸੰਭਾਲੀ। ਭਾਈ ਗੁਰਦਾਸ ਜੀ ਲਿਖਦੇ ਹਨ–

ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿਆਈ॥
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ॥
ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ॥
ਦਾਤਿ ਜੋਤਿ ਖਸਮੈ ਵਡਿਆਈ॥

ਗੁਰੂ ਜੀ ਦੇ ਜਨਮ ਸਾਲ ਬਾਰੇ ਇਤਿਹਾਸਕਾਰਾਂ ਵਿੱਚ ਕਾਫ਼ੀ ਮਤ ਭੇਦ ਹਨ ਪਰੰਤੂ ਕਾਹਨ ਸਿੰਘ ਨਾਭਾ, ਐਮ.ਏ. ਮੈਕਾਲਿਫ ਅਤੇ ਗਿਆਨੀ ਗਿਆਨ ਸਿੰਘ ਆਦਿ ਨੇ ਸੰਮਤ 1536 ਬਿਕਰਮੀ (1479 ਈ.) ਨੂੰ ਸਹੀ ਮੰਨਿਆ ਹੈ, ਇਸਨੂੰ ਹੀ ਆਧੁਨਿਕ ਵਿਦਵਾਨ ਠੀਕ ਮੰਨਦੇ ਹਨ।

ਗੁਰੂ ਅਮਰਦਾਸ ਜੀ ਦੇ ਬਜ਼ੁਰਗ ਪਿੰਡ ਬਾਸਰਕੇ ਵਿੱਚ ਰਹਿੰਦੇ ਸਨ। ਇਤਿਹਾਸ ਵਿੱਚ ਉਹਨਾਂ ਦੇ ਪਹਿਲੇ ਬਜ਼ੁਰਗ ਦਾ ਨਾਮ ਨਾਰਾਇਣ ਅੰਕਿਤ ਹੈ। ਉਹਨਾਂ ਦੀ ਪੀੜ੍ਹੀ ਵਿਚੋਂ ਹੀ ਭਾਈ ਬਿਸ਼ਨ ਦਾਸ ਜੀ ਹੋਏ ਜੋ ਕਿ ਹਿੰਦੂ ਮੱਤ ਦੇ ਧਾਰਨੀ ਸਨ ਅਤੇ ਅਕਾਲ ਪੁਰਖ ਦਾ ਭੈਅ ਰੱਖਣ ਵਾਲੇ ਸਨ ਅਤੇ ਹੱਟੀ ਦਾ ਕੰਮ ਕਰਕੇ ਉਦਰਪੂਰਤੀ ਕਰਿਆ ਕਰਦੇ ਸਨ। ਭਾਈ ਕੇਸਰ ਸਿੰਘ ਛਿੱਬਰ ਨੇ ਗ੍ਰੰਥ "ਬੰਸਾਵਲੀ ਨਾਮਾ ਪਾਤਸ਼ਾਹੀਆਂ ਦਸ੍ਹਾਂ ਕਾ" ਵਿੱਚ ਲਿਖਿਆ ਹੈ–

ਹੱਟੀ ਬੈਠੇ ਇਕ ਇਕੱਲਾ...

ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਜੋ ਕਿ ਇਕਲਾ ਹੀ ਹੱਟੀ ਦਾ ਕੰਮ ਕਰਦਾ ਸੀ। ਪੰਥ ਪ੍ਰਕਾਸ ਵਿੱਚ ਗਿਆਨੀ ਗਿਆਨ ਸਿੰਘ ਜੀ ਨੇ ਉਹਨਾਂ ਨੂੰ 'ਭਗਤ ਬਿਸ਼ਨ ਕਾ ਜਗਤ ਅਚਲਾ' ਕਹਿ ਕੇ ਸਤਿਕਾਰਿਆ ਹੈ।

ਤਾਈ ਬਿਸ਼ਨ ਦਾਸ ਜੀ ਦੇ ਘਰ ਇਕ ਪੁੱਤਰ ਹੋਇਆ। ਜਿਸ ਦਾ ਨਾਮ ਹਰਿ ਜੀ ਰਖਿਆ ਗਿਆ। ਜਦੋਂ ਹਰਿ ਜੀ ਸੂਝ ਅਵਸਥਾ ਵਿੱਚ ਹੋਇਆ ਤਾਂ ਉਸਦਾ ਵਿਆਹ ਮਿਲਾਵੀ ਨਾਮ ਦੀ ਇਸਤਰੀ ਨਾਲ ਕਰ ਦਿੱਤਾ ਗਿਆ ਜੋ ਕਿ ਸੂਝ ਬੂਝ ਵਾਲੀ ਘਰ ਤੋਰਨ ਵਾਲੀ ਇਸਤਰੀ ਸੀ। ਹਰਿ ਜੀ ਨੂੰ ਉਸਦੇ ਸਹੁਰੇ ਪਰਿਵਾਰ ਵਾਲੇ ਲਾਹੌਰ ਨੇੜੇ ਗਿਲਵਾਲ਼ੀ ਪਿੰਡ ਲੈ ਗਏ। ਉਥੇ ਵੀ ਉਹਨਾਂ ਨੇ ਪਿਤਾ ਪੁਰਖੀ ਵਪਾਰ ਅਰਥਾਤ ਦੁਕਾਨ ਵਾਲਾ ਕਿੱਤਾ ਅਪਨਾਇਆ ਅਤੇ ਮਨ ਚਿੱਤ ਲਗਾ ਕੇ ਕੰਮ ਕਰਕੇ ਬਹੁਤ ਸਾਰਾ ਧੰਨ ਕਮਾਇਆ। ਛੇਤੀ ਹੀ ਉਹਨਾਂ ਨੂੰ ਆਪਣਾ ਪਿਤਾ ਪੁਰਖੀ ਪਿੰਡ ਦੀ ਯਾਦ ਸਤਾਉਣ ਲੱਗੀ ਉੱਥੋਂ ਉਹ ਪਿੰਡ ਗਿਲਵਾਲੀ ਛੱਡਕੇ ਬਾਸਰਕੇ ਆ ਗਏ। ਜਦੋਂ ਭਾਈ ਬਿਸ਼ਨ ਸਿੰਘ ਅਕਾਲ ਚਲਾਣਾ ਕਰ ਗਿਆ।

ਤੇਜ ਭਾਨ ਜੀ ਦਾ ਵਿਆਹ ਬੀਬੀ ਲਖੋ ਜੀ ਨਾਲ ਹੋਇਆ। ਮਹਾਂ ਕਵੀ ਸੰਤੋਖ ਸਿੰਘ ਜੀ ਉਹਨਾਂ ਦਾ ਨਾਮ ਸੂਰਜ ਪ੍ਰਕਾਸ਼ ਗ੍ਰੰਥ ਵਿਚ ਰੂਪ ਕੌਰ ਜੀ ਲਿਖਦੇ ਹਨ। ਤੇਜ ਭਾਨ ਜੀ ਨੇ ਵੀ ਪਿਤਾ ਪੁਰਖੀ ਵਪਾਰ ਵਾਲਾ ਕਿੱਤਾ ਅਪਨਾਇਆ। ਸਮੇਂ ਅਨੁਸਾਰ ਤੇਜ ਭਾਨ ਦੇ ਘਰ ਚਾਰ ਪੁੱਤਰ ਪੈਦਾ ਹੋਏ ਜਿਨ੍ਹਾਂ ਵਿਚੋਂ ਈਸ਼ਰਦਾਸ, ਭਾਈ ਖੇਮ ਰਾਇ ਅਤੇ ਭਾਈ ਮਾਣਕ ਚੰਦ ਸਨ। ਅਮਰਦਾਸ ਜੀ ਦਾ ਜਨਮ ਮਾਤਾ ਲਖੋ ਜੀ ਦੀ ਕੁੱਖ ਤੋਂ ਹੋਇਆ ਸੀ।

(ਗੁਰੂ) ਅਮਰਦਾਸ ਜੀ ਦੇ ਮੁੱਢਲੇ ਜੀਵਨ ਅਤੇ ਸੂਝ ਅਵਸਥਾ ਬਾਰੇ ਬਹੁਤ ਘੱਟ ਪਤਾ ਲੱਗਦਾ ਹੈ ਕਿਉਂਕਿ ਉਸ ਸਮੇਂ ਕਿਸੇ ਨੂੰ ਕੀ ਪਤਾ ਸੀ ਕਿ ਉਹ ਅਜਿਹੀ ਬ੍ਰਹਮ ਅਵਸਥਾ ਵਿੱਚ ਕਦੇ ਪਹੁੰਚਣਗੇ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਤੀਜੇ ਵਾਰਸ ਬਣਨਗੇ?

ਸ੍ਰੀ ਗੁਰੂ ਅਮਰਦਾਸ ਜੀ ਨੇ ਲੰਬੀ ਆਯੂ ਭੋਗੀ ਸੀ, ਉਹਨਾਂ ਦੀ ਜੀਵਨ ਆਯੂ ਨੂੰ ਹੇਠ ਲਿਖੇ ਵਰਗਾਂ ਵਿੱਚ ਵੰਡ

ਸਕਦੇ ਹਾਂ-
ਪਹਿਲਾ ਵਰਗ 1479 ਈ. ਤੋਂ 1520 ਈ. (41 ਸਾਲ)
ਦੂਜਾ ਵਰਗ 1520 ਈ. ਤੋਂ 1540 ਈ. (41+20=61 ਸਾਲ)
ਤੀਜਾ ਵਰਗ 1540 ਈ. ਤੋਂ 1552 ਈ. (61+12=73 ਸਾਲ)
ਚੌਥਾ ਵਰਗ 1552 ਈ. ਤੋਂ 1574 ਈ. (73+22=95 ਸਾਲ)

ਆਪ ਜੀ ਨੇ ਆਪਣੀ ਜਿੰਦਗੀ ਦੇ ਪਹਿਲੇ 41 ਸਾਲ ਗ੍ਰਿਸਤ ਜੀਵਨ ਵਿੱਚ ਬਿਤਾਏ ਅਤੇ ਨ੍ਰਿਬਾਹ ਲਈ ਦੁਕਾਨਦਾਰੀ ਕੀਤੀ ਸੀ। ਉਹਨਾਂ ਦਾ ਵਿਆਹ ਸੰਮਤ 1571 ਬਿਕਰਮੀ (1514 ਈ.) ਨੂੰ 35 ਵਰ੍ਹੇ ਦੀ ਉਮਰ ਵਿੱਚ ਮਾਤਾ ਮਨਸਾ ਦੇਵੀ ਨਾਲ ਹੋਇਆ।

(ਗੁਰੂ) ਅਮਰਦਾਸ ਜੀ ਦੇ ਗ੍ਰਹਿ ਵਿਖੇ ਦੋ ਪੁੱਤਰ ਬਾਬਾ ਮੋਹਨ ਤੇ ਬਾਬਾ ਮੋਹਰੀ ਅਤੇ ਦੋ ਸਪੁੱਤਰੀਆਂ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਹੋਏ। ਭਾਈ ਕੇਸਰ ਸਿੰਘ ਛਿੱਬਰ ਜੀ ਲਿਖਦੇ ਹਨ-

ਸੰਮਤ ਪੰਦ੍ਰਾਂ ਸੈ ਨਬੇ ਜੇਠ ਦਿਨ ਚਾਰਿ॥
ਬੀਬੀ ਭਾਨੀ ਜੀ ਜਨਮੇ ਅਇਭਵਾਰਿ॥

ਇਸੇ ਤਰ੍ਹਾਂ ਹੀ ਛਿੱਬਰ ਜੀ ਦੀ ਲਿਖਤ 'ਬੰਸਾਵਲੀ ਨਾਮੇ' ਅਨੁਸਾਰ ਪਹਿਲਾਂ ਮੋਹਰੀ ਜੀ ਤੇ ਫੇਰ ਬਾਬਾ ਮੋਹਨ ਜੀ ਪੈਦਾ ਹੋਏ-

-ਸੰਮਤ ਪੰਦ੍ਰਾਂ ਸੈ ਛਿਆਨਵੇਂ ਭਏ ਜਬੇ।
ਮੋਹਰੀ ਜੀ ਜਨਮੇ ਤਬੇ।
-ਮੋਹਰੀ ਮੋਹਨ ਸਦਿ ਬੁਲਾਏ।
ਰਾਮਦਾਸ ਦੀ ਸਭ ਪੈਰੀਂ ਪਵਾਏ।

ਭਾਈ ਗੁਰਦਾਸ ਜੀ, ਬਾਬਾ ਮੋਹਣ ਜੀ ਨੂੰ ਵੱਡਾ ਸਪੁੱਤਰ ਦਸਦੇ ਹੋਏ ਲਿਖਦੇ ਹਨ:-
ਮੋਹਣ ਕਮਲਾ ਹੋਇਆ, ਚਉਥਾਰੀ ਮੋਹਰੀ ਮਨਾਇਆ।
ਮਹਾਂਕਵੀ ਸੰਤੋਖ ਸਿੰਘ ਜੀ ਵੀ ਬਾਬਾ ਮੋਹਨ ਜੀ ਨੂੰ ਵੱਡਾ ਸਪੁੱਤਰ ਦਸਦੇ ਹੋਏ ਲਿਖਦੇ ਹਨ-

ਦੜੈ ਸੁਤ ਜਿਸ ਤੇ ਜਨਮਤਿ ਭਏ।
ਮੋਹਨ ਨਾਮ ਮੋਹਰੀ ਬਏ।
ਸ੍ਰੀ ਗੁਰ ਅਮਰ ਪੁਤ੍ਰ ਬਡ ਮੋਹਨ।

ਕਿਹਾ ਜਾਂਦਾ ਹੈ ਕਿ ਸ੍ਰੀ (ਗੁਰੂ) ਅਮਰਦਾਸ ਜੀ ਨੇ ਵੀ ਆਪਣਾ ਪਿਤਾ ਪੁਰਖੀ ਕਿੱਤਾ ਹੀ ਅਪਨਾਇਆ। ਉਹ ਹੱਟੀ ਤੇ ਬੈਠਦੇ ਅਤੇ ਪੂਰਾ ਤੋਲਦੇ। ਗਿਆਨੀ ਲਾਲ ਸਿੰਘ ਜੀ ਸੰਗਰੂਰ (ਜੀਂਦ ਸਟੇਟ) ਲਿਖਦੇ ਹਨ ਕਿ ਉਹਨਾਂ ਕੋਲ ਇਕ ਘੋੜੀ ਵੀ ਹੁੰਦੀ ਸੀ ਜਿਸ ਉੱਪਰ ਉਹ (ਗੁਰੂ ਜੀ) ਤਜਾਰਤ ਦਾ ਮਾਲ ਲੱਦ ਕੇ ਦੂਰ-ਦੂਰ ਤੱਕ ਵੇਚਣ ਜਾਇਆ ਕਰਦੇ ਸਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰਿਆ ਕਰਦੇ ਸਨ। 'ਬੰਸਾਵਲੀ ਨਾਮੇ' ਵਿੱਚ ਉਸ ਵਣਜ-ਵਪਾਰ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ-

ਕਰਦੇ ਅਨਾਜ ਦਾ ਬੈਪਾਰ।
ਸੌਦਾ ਲੈਂਦੇ ਦੇਦੇ ਉਧਾਰ।
ਲਗੇ ਕਰਨ ਬਹੁਤ ਵਣਜ ਵੈਪਾਰ।
ਲੈਣ ਦੇਣ ਵਿਚਿ ਹੋਏ ਖਬਰਿਦਾਰ।

ਪ੍ਰੰਤੂ 'ਮਹਿਮਾ ਪ੍ਰਕਾਸ' ਰਚਿਤ ਬਾਵਾ ਸਰੂਪਦਾਸ ਭੱਲਾ ਵਿੱਚ ਗੁਰੂ ਜੀ ਨੂੰ ਖੇਤੀ ਕਰਦੇ ਹੋਏ ਦੱਸਿਆ ਹੈ-

ਗ੍ਰਿਹ ਕਿਰਖੀ ਸਾਧੇ ਸਭ ਵਿਵਹਾਰ।
ਵੋ ਬੈਠ ਰਹੈ ਭਜਨ ਸਦ ਕਰੈ।

(ਗੁਰੂ) ਅਮਰਦਾਸ ਜੀ ਦੇ ਮਾਤਾ-ਪਿਤਾ ਹਿੰਦੂ ਮੱਤ ਦੇ ਧਾਰਨੀ ਸਨ। ਇਸ ਲਈ ਹਿੰਦੂ ਮੱਤ ਅਨੁਸਾਰ ਕਰਮ ਵਿਵਹਾਰ ਕਰਦੇ। ਓਹੀ ਰੀਤ (ਗੁਰੂ) ਅਮਰਦਾਸ ਜੀ ਨੇ ਅਪਨਾਈ ਅਤੇ ਤੀਰਥ ਯਾਤਰਾ ਲਈ ਹਰਿਦੁਆਰ ਜਾਣਾ ਸ਼ੁਰੂ ਕੀਤਾ।

ਜਦੋਂ ਅਮਰਦਾਸ ਜੀ ਪਹਿਲੀ ਵਾਰ ਗੰਗਾ ਜੀ ਹਰਿਦੁਆਰ ਗਏ ਅਤੇ ਪੁੰਨ ਦਾਨ ਕੀਤਾ ਅਤੇ ਆਪ ਜੀ ਨੂੰ ਉੱਥੋਂ ਦਾ ਵਾਤਾਵਰਨ ਐਸਾ ਰਾਸ ਆਇਆ ਕਿ ਉਨ੍ਹਾਂ ਨੇ ਹਰ ਸਾਲ ਕਨਖਲ ਗੰਗਾ ਜੀ ਹਰਿਦੁਆਰ ਜਾਣਾ ਸ਼ੁਰੂ ਕੀਤਾ। ਉਹ ਹਰ ਸਾਲ, ਛੇ ਮਹੀਨੇ ਘਰ ਦਾ ਕਾਰ ਵਿਵਹਾਰ ਕਰਦੇ ਅਤੇ ਬਾਕੀ ਸਮਾਂ ਛੇ ਮਹੀਨੇ ਤੀਰਥ ਅਤੇ ਪੁੰਨ ਦਾਨ ਕਰਨ ਵਿੱਚ ਬਤੀਤ ਕਰਦੇ। ਜਦੋਂ ਆਪ ਜੀ ਵੀਹਵੀਂ ਵਾਰ ਤੀਰਥ ਯਾਤਰਾ ਤੇ ਗਏ ਤਾਂ ਸੰਗਤ ਸਮੇਤ ਭੰਬੀ ਜਾਤ ਦੇ ਸਾਰਸੁਤ ਬ੍ਰਾਹਮਣ ਦੁਰਹਾ ਦੱਤ ਦੇ ਘਰ ਬਿਸਰਾਮ ਕਰਨ ਲਈ ਠਹਿਰੇ। ਉਹ ਪੰਡਤ ਹਥ ਰੇਖਾ ਦਾ ਗਿਆਨ ਅਤੇ ਪੈਰ ਦੀਆਂ ਰੇਖਾਵਾਂ ਦਾ ਗਿਆਨ ਰੱਖਦਾ ਸੀ। ਅਚਾਨਕ ਪੰਡਿਤ ਦੀ ਨਜ਼ਰ ਅਮਰਦਾਸ ਜੀ ਦੇ ਪੈਰਾਂ ਵੱਲ ਗਈ ਅਤੇ ਉਹ, ਸ੍ਰੀ ਅਮਰਦਾਸ ਜੀ ਦੇ ਚਰਨਾਂ ਵਿੱਚ ਪਦਮ ਰੇਖਾ ਦੇਖਕੇ ਪੁਕਾਰ ਉੱਠਿਆ ਕਿ ਸ੍ਰੀ ਅਮਰਦਾਸ ਜੀ ਦੇ ਚਰਨਾਂ ਵਿੱਚ ਪਦਮ ਹੈ ਅਤੇ ਉਹ ਛੇਤੀ ਹੀ ਮਹਾਂਪੁਰਸ਼ ਦੇ ਰੂਪ ਵਿੱਚ ਪ੍ਰਗਟ ਹੋਣਗੇ। ਸ੍ਰੀ ਅਮਰਦਾਸ ਜੀ ਮੁਸਕਰਾਏ ਤੇ ਪੰਡਤ ਨੂੰ ਦਾਨ ਦੱਛਣਾ ਦੇਣੀ ਚਾਹੀ। ਅੱਗੋਂ ਪੰਡਿਤ ਜੋ ਕਿ ਪਿੰਡ ਮਹੇੜਾ (ਹਰਿਆਣਾ) ਦਾ ਰਹਿਣ ਵਾਲਾ ਸੀ ਨੇ ਅਮਰਦਾਸ ਜੀ ਨੂੰ

ਆਖਿਆ ਕਿ ਜਦੋਂ ਆਪ ਜੀ ਮਹਾਂਪੁਰਸ਼ ਵਜੋਂ ਪ੍ਰਸਿੱਧ ਹੋਵੇਗੇ ਉਦੋਂ ਉਹ ਆਪਣੀ ਦਾਨ ਦੱਛਣਾ ਲਵੇਗਾ। ਅਮਰਦਾਸ ਜੀ ਸੰਗਤ ਨਾਲ ਮਿਲਕੇ ਅੱਗੇ ਕਨਖਲ (ਹਰਿਦੁਆਰ) ਵੱਲ ਚਲੇ ਗਏ। ਬਾਵਾ ਸਰੂਪ ਦਾਸ ਜੀ ਭੱਲਾ ਗ੍ਰੰਥ 'ਮਹਿਮਾ ਪ੍ਰਕਾਸ' ਵਿੱਚ ਲਿਖਦੇ ਹਨ-

ਨਿਰਖਿਓ ਚਰਨ ਪਦਮ ਆਕਾਰ।
ਤਨ ਤਿਨ ਮੋ ਕੀਓ ਬਿਚਾਰ।
ਇਹ ਕੋਊ ਅਵਤਾਰ ਅਥਵ ਹੋਵੈ ਚਕ੍ਰਵਤ।
ਹੈ ਛਤ੍ਰ ਕੁਲ ਸ਼ੁਭ ਚਾਰ ਤਾਸ ਲੇਵੇ ਬਚਨ ਅਬ।

ਜਦ ਸ੍ਰੀ ਅਮਰਦਾਸ ਜੀ ਵੀਹਵੀਂ ਵਾਰ ਹਰਿਦੁਆਰ ਦੀ ਯਾਤਰਾ ਤੋਂ ਵਾਪਸ ਆ ਰਹੇ ਸਨ ਤਾਂ ਆਪ ਜੀ ਦਾ ਮੇਲਾ ਇਕ ਬ੍ਰਹਮਚਾਰੀ ਸੰਨਿਆਸੀ ਨਾਲ ਹੋਇਆ। ਉਸਨੇ ਅਮਰਦਾਸ ਜੀ ਨਾਲ ਰਸਤੇ ਵਿੱਚ ਗਿਆਨ ਗੋਸ਼ਟੀ ਕੀਤੀ ਅਤੇ ਉਹ ਬ੍ਰਹਮਚਾਰੀ ਅਮਰਦਾਸ ਜੀ ਤੇ ਇੰਨਾ ਪ੍ਰਸੰਨ ਹੋਇਆ ਕਿ ਉਹ ਅਮਰਦਾਸ ਜੀ ਨਾਲ ਉਨ੍ਹਾਂ ਦੇ ਘਰ ਆ ਗਿਆ। ਉਸਨੇ ਫਿਰ ਗੱਲਬਾਤ ਵਿੱਚ ਅਮਰਦਾਸ ਜੀ ਨੂੰ ਪੁੱਛਿਆ ਕਿ ਉਨ੍ਹਾਂ ਦਾ ਗੁਰੂ ਕੌਣ ਹੈ। ਅੱਗੋਂ ਅਮਰਦਾਸ ਜੀ ਨੇ ਕਿਹਾ ਮੈਂ ਅਜੇ ਗੁਰੂ ਦੀ ਭਾਲ ਵਿੱਚ ਹਾਂ, ਮੇਰਾ ਅਜੇ ਕੋਈ ਗੁਰੂ ਨਹੀਂ ਹੈ?

ਅਮਰਦਾਸ ਜੀ ਦੇ ਇਹ ਬਚਨ ਸੁਣ ਕੇ ਬ੍ਰਹਮਚਾਰੀ ਇਕ ਦਮ ਗੁੱਸੇ ਵਿੱਚ ਆ ਕੇ ਭੜਕ ਪਿਆ ਕਿ ਮੈਂ ਨਿਗੁਰੇ ਦਾ ਸੰਗ ਕਰਕੇ ਆਪਣੇ ਕੀਤੇ ਪੁੰਨਦਾਨ ਵਰਤ ਖੋਹ ਲਏ ਹਨ ਅਤੇ ਉਨ੍ਹਾਂ ਦਾ ਫਲ ਖਤਮ ਹੋ ਗਿਆ। ਪਵਿੱਤਰ ਹੋਣ ਲਈ ਮੈਂ ਮੁੜ ਕੇ ਹਰਿਦੁਆਰ ਜਾਵਾਂਗਾ।

ਹੁਣ ਅਮਰਦਾਸ ਜੀ ਦੇ ਮਨ ਤੇ ਚੋਟ ਲੱਗੀ ਅਤੇ ਪਤਾ ਲੱਗ ਗਿਆ ਕਿ ਨਿਗੁਰੇ ਇਨਸਾਨ ਵੱਲੋਂ ਗ੍ਰੰਥ ਪੜ੍ਹਕੇ ਵਰਤ ਨੇਮ ਕਰਨੇ ਅਤੇ ਗਿਆਨ ਹਾਸਲ ਕਰਨਾ ਫਜ਼ੂਲ ਹੈ। ਦੇਹਧਾਰੀ ਗੁਰੂ ਧਾਰਨ ਕਰਨ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ। ਇਸ ਘਟਨਾ ਨੇ ਅਮਰਦਾਸ ਜੀ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਦਿਨ ਰਾਤ ਗੁਰੂ ਜੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ।

ਬੀਬੀ ਅਮਰੋ ਜੀ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸੀ ਅਤੇ ਅਮਰਦਾਸ ਜੀ ਦੇ ਭਤੀਜੇ ਦੀ ਧਰਮ ਪਤਨੀ ਸੀ। ਉਹ ਰੋਜ ਅੰਮ੍ਰਿਤ ਵੇਲੇ ਉਠਕੇ ਦੁੱਧ ਰਿੜਕਦੀ ਅਤੇ ਨਾਲ-ਨਾਲ ਆਸਾ ਜੀ ਦੀ ਵਾਰ ਅਤੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰਦੀ ਸੀ। ਦੇਵਨੇਤ ਨਾਲ ਅਮਰਦਾਸ ਜੀ ਇਕ ਦਿਨ ਅੰਮ੍ਰਿਤ ਵੇਲੇ ਉੱਠੇ ਅਤੇ ਆਪ ਜੀ ਉਸ ਪਾਸੇ ਵੱਲ ਚਲੇ ਗਏ ਜਿੱਥੋਂ ਮਿੱਠੀ ਸੁਰ ਵਿੱਚ ਬੀਬੀ ਅਮਰੋ ਜੀ ਦੇ ਦੁੱਧ ਰਿੜਕਣ ਅਤੇ ਮਿੱਠੀ ਸੁਰ ਵਿੱਚ ਪਾਠ ਕਰਨ ਦੀ ਆਵਾਜ਼ ਆ ਰਹੀ ਸੀ। ਭਾਗ ਜਾਗ ਪਏ, ਅਮਰਦਾਸ ਜੀ ਕੰਧ ਉਹਲੇ ਖਲੋ ਗਏ ਅਤੇ ਗੁਰਬਾਣੀ ਦਾ ਪਾਠ ਸੁਣਿਆ, ਫਿਰ ਅਮਰਦਾਸ ਜੀ ਐਸੀ ਅਨੰਦ ਦੀ ਅਵਸਥਾ ਵਿੱਚ ਆ ਗਏ ਕਿ ਕੰਧ ਪਿੱਛੇ ਸੁਣ ਰਹੇ ਪਾਠ ਤੋਂ ਇਕ ਦਮ ਬਾਹਰ ਆ ਗਏ। ਆਪ ਜੀ ਨੇ ਕਿਹਾ, 'ਹੇ ਪੁੱਤਰੀ! ਇਹ ਕਿਸ ਦੀ ਬਾਣੀ ਹੈ?'

ਬੀਬੀ ਜੀ ਨੇ ਦੱਸਿਆ, ਇਸ ਬਾਣੀ ਦੀ ਰਚਨਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ, ਅੱਜ ਕੱਲ ਉਹਨਾਂ ਦੀ ਗੱਦੀ ਤੇ ਬਿਰਾਜਮਾਨ ਮੇਰੇ ਪਿਤਾ ਜੀ ਹਨ।

ਆਪ ਜੀ ਨੇ ਬੀਬੀ ਜੀ ਨੂੰ ਬੇਨਤੀ ਕੀਤੀ, ਮੈਨੂੰ ਪਿਤਾ ਜੀ ਕੋਲ ਲੈ ਚੱਲੋ। ਇਸ ਪ੍ਰਕਾਰ ਅਮਰਦਾਸ ਜੀ, ਬੀਬੀ ਅਮਰੋ ਜੀ ਦੁਆਰਾ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚ ਪੁੱਜ ਗਏ ਅਤੇ ਕੁੜਮਾਚਾਰੀ ਵਾਲਾ ਰਿਸ਼ਤਾ ਨਾਤਾ ਭੁੱਲ ਕੇ ਗੁਰ ਸਿੱਖਾਂ ਦੀ ਤਰ੍ਹਾਂ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਨਾਮ ਲੈਣ ਦੀ ਜਾਚਨਾ ਕੀਤੀ ਅਤੇ ਗੁਰਸਿੱਖੀ ਦਾ ਮਾਰਗ ਧਾਰਨ ਕਰ ਲਿਆ।

ਪਹਿਲਾਂ ਆਪ ਜੀ ਨੇ ਗੁਰ ਇਸ਼ਨਾਨ ਲਈ ਅੰਮ੍ਰਿਤ ਵੇਲੇ ਬਿਆਸ ਦਰਿਆ ਤੋਂ ਜੋ ਕਿ ਖਡੂਰ ਸਾਹਿਬ ਤੋਂ ਤਿੰਨ ਮੀਲ ਦੂਰ ਸੀ, ਪਾਣੀ ਢੋਣਾ ਸ਼ੁਰੂ ਕੀਤਾ।

ਜਿਉਂ-ਜਿਉਂ ਸਮਾਂ ਬੀਤਦਾ ਗਿਆ, ਆਪ ਦੀ ਸੇਵਾ ਵਿੱਚ ਵੀ ਵਾਧਾ ਹੁੰਦਾ ਗਿਆ, ਅਮਰਦਾਸ ਜੀ ਗੁਰੂ ਕੇ ਲੰਗਰ ਲਈ ਲੱਕੜਾਂ ਲਿਆਉਂਦੇ, ਸੰਗਤ ਨੂੰ ਪੱਖਾ ਝੱਲਦੇ ਅਤੇ ਸੰਗਤ ਦੇ ਜੂਠੇ ਭਾਂਡੇ ਮਾਂਜਦੇ। ਇਹ ਸੇਵਾ ਕਰਨ ਨਾਲ ਉਹਨਾਂ ਦੇ ਅੰਦਰ ਰਿੱਧੀਆਂ ਸਿੱਧੀਆਂ ਪ੍ਰਵੇਸ਼ ਕਰਨ ਲੱਗੀਆਂ। ਮਨ ਹੋਰ ਉਚਾ ਹੋਇਆ ਅਤੇ ਨਾਮ ਸਿਮਰਨ ਕਰਨ ਨਾਲ ਦਿਨ ਰਾਤ ਇਸ ਵਿੱਚ ਲੀਨ ਰਹਿਣ ਲੱਗੇ। ਆਪ ਜੀ ਅੰਮ੍ਰਿਤ ਵੇਲੇ ਖਾਲੀ ਗਾਗਰ ਲੈ ਕੇ ਬਿਆਸ ਦਰਿਆ ਤੇ ਪਹੁੰਚ ਜਾਂਦੇ ਅਤੇ ਗਾਗਰ ਦਰਿਆ ਬਿਆਸ ਤੋਂ ਭਰਕੇ ਮੋਢਿਆਂ ਤੇ ਚੁੱਕ ਕੇ ਖਡੂਰ ਸਾਹਿਬ ਵੱਲ ਚੱਲ ਪੈਂਦੇ ਅਤੇ ਖਡੂਰ ਸਾਹਿਬ ਆ ਕੇ ਸਤਿਗੁਰਾਂ ਨੂੰ ਬੜੇ ਪ੍ਰੇਮ ਨਾਲ ਇਸ਼ਨਾਨ ਕਰਾਉਂਦੇ। ਰਸਤੇ ਵਿੱਚ ਇਕ ਥਾਂ ਅਮਰਦਾਸ ਜੀ ਕੁਝ ਸਮਾਂ ਸਾਹ ਲਿਆ ਕਰਦੇ ਸਨ, ਉਸ ਜਗ੍ਹਾ ਗੁਰਦੁਆਰਾ ਦਮਦਮਾ ਸਾਹਿਬ ਮੌਜੂਦ ਹੈ।

ਹੁਣ ਤੱਕ ਆਪ ਜੀ ਨੂੰ ਗੁਰੂ ਘਰ ਦੀ ਸੇਵਾ ਕਰਦਿਆਂ ਬਾਰਾਂ ਵਰ੍ਹੇ ਖਤਮ ਹੋਣ ਵਾਲੇ ਸਨ ਅਤੇ ਆਪ ਜੀ ਦੀ ਸੇਵਾ ਅਤੇ ਅਣਥੱਕ ਘਾਲ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ

ਬੜੀ ਘੋਖਵੀਂ ਨਜ਼ਰ ਨਾਲ ਵੇਖ ਰਹੇ ਸਨ। ਇਕ ਵਾਰ ਦੀ ਗੱਲ ਹੈ ਕਿ ਕਾਲੀ ਬੋਲ੍ਹੀ ਰਾਤ ਸਮੇਂ ਤੁਫਾਨ ਅਤ ਰਿਹਾ ਸੀ ਬੱਦਲ ਗਰਜ ਰਹੇ ਸਨ ਅਮਰਦਾਸ ਜੀ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਮੋਢੇ ਤੇ ਉਠਾਈ ਖਡੂਰ ਸਾਹਿਬ ਆ ਰਹੇ ਸਨ ਕਿ ਰਸਤੇ ਵਿੱਚ ਜੁਲਾਹੀ ਦੀ ਖੱਡੀ ਮੌਜੂਦ ਸੀ, ਤੁਫ਼ਾਨੀ ਰਾਤ ਹੋਣ ਕਾਰਨ ਅਮਰਦਾਸ ਜੀ ਦਾ ਪੈਰ ਕਿੱਲੀ ਵਿੱਚ ਫਸ ਜਾਣ ਕਾਰਨ ਡਿੱਗ ਪਏ ਪਰੰਤੂ ਮੌਡੇ ਤੋਂ ਗਾਗਰ ਨਾ ਡਿੱਗਣ ਦਿੱਤੀ।

ਜੁਲਾਹੇ ਨੇ ਬਾਹਰ ਖੜਕ ਦੀ ਆਵਾਜ ਸੁਣਕੇ ਲਲਕਾਰਿਆ ਕਿ ਕੌਣ ਤੂੰ ਚੋਰ ਹੈਂ ਜਿਸਨੂੰ ਇੰਨੀ ਭਿਆਨਕ ਰਾਤ ਵਿੱਚ ਵੀ ਚੈਨ ਨਹੀਂ ਆਉਂਦੀ। ਅਮਰਦਾਸ ਜੀ ਪਾਠ ਕਰ ਰਹੇ ਸਨ ਪਰੰਤੂ ਗਾਗਰ ਦਾ ਜਲ ਡਿੱਗਣ ਨਹੀਂ ਦਿੱਤਾ ਅਤੇ ਆਪ ਜੀ ਉੱਠਕੇ ਖਡੂਰ ਸਾਹਿਬ ਵੱਲ ਚੱਲ ਪਏ। ਜੁਲਾਹੀ ਨੇ ਆਪ ਜੀ ਦੀ ਪਾਠ ਕਰਦਿਆਂ ਦੀ ਆਵਾਜ ਸੁਣਕੇ, ਆਵਾਜ ਪਛਾਣ ਕੇ ਆਖਿਆ ਕਿ ਹੋਣਾ ਕਿਸ ਨੇ ਹੈ? ਕੁੜਮਾਂ ਦੇ ਘਰ ਅਮਰੂ ਨਿਥਾਵਾਂ ਪਾਣੀ ਢੋਹ ਰਿਹਾ ਹੈ। ਆਪ ਜੀ ਨੇ ਇਹ ਮਿਹਣਾ ਸੁਣ ਲਿਆ ਅਤੇ ਮੁੱਖ ਤੋਂ ਉਚਾਰਿਆ, 'ਕੰਮਲੀਏ, ਨਿਥਾਵੀ ਤੂੰ ਹੋਵੇਗੀ, ਮੈਂ ਤਾਂ ਗੁਰੂ ਵਾਲਾ ਹਾਂ।'

ਸ੍ਰੀ ਅਮਰਦਾਸ ਜੀ ਗਾਗਰ ਚੁੱਕ ਕੇ ਖਡੂਰ ਸਾਹਿਬ ਵੱਲ ਚਲੇ ਗਏ। ਉਹ ਜਲਾਹੀ ਕੁਬੋਲ ਬੋਲਣ ਕਾਰਨ ਪਾਗਲ ਹੋ ਗਈ ਅਤੇ ਆਪਣੇ ਤਨ ਦੇ ਕਪੜੇ ਪਾੜਨ ਲੱਗੀ। ਸਵੇਰ ਸਮੇਂ ਪਿੰਡ ਦੇ ਲੋਕ ਅਤੇ ਜੁਲਾਹਾ ਆਪਣੀ ਜੁਲਾਹੀ ਨੂੰ ਪਕੜ ਕੇ ਗੁਰ ਦਰਬਾਰ ਵਿੱਚ ਲਿਆਏ ਅਤੇ ਜੁਲਾਹੇ ਨੇ ਰਾਤ ਵਾਲੀ ਘਟਨਾ ਗੁਰੂ ਅੰਗਦ ਦੇਵ ਜੀ ਨੂੰ ਸੁਣਾਈ। ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਸੇਵਾ ਥਾਇ ਪਈ ਦੇ ਵਰ ਦਿੱਤੇ ਅਤੇ ਅਮਰਦਾਸ ਜੀ ਨੂੰ 12 ਵਰਾਂ ਦੀ ਬਖਸ਼ਿਸ਼ ਕੀਤੀ। ਮਹਾਂ ਕਵੀ ਸੰਤੋਖ ਸਿੰਘ ਜੀ ਇਸ ਪ੍ਰਥਾਇ ਲਿਖਦੇ ਹਨ-

ਤੁਮ ਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿ ਮਾਨ।
ਤਿਨ ਓਟ ਕੀ ਤੁਮ ਓਟ। ਨਿਧਰੇਨ ਧਿਰ ਕੋਟ।
ਬਿਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।
ਬਿਨ ਧਰਿ ਕੋ ਬਰ ਧਰਿ। ਸਭਿ ਪੀਰ ਕੇ ਥਡ ਪੀਰ।
ਡੁਮ ਹੋ ਸੁ ਗਈ ਬਹੋੜ। ਨਰ ਬੰਧ ਕੋ ਤਿਹ ਛੋੜ।
ਘੜ ਭੰਨਿਝੋ ਸਮਰਥ। ਜਗ ਜੀਵ ਦਾ ਤੁਮ ਹਥ।
(ਸੂਰਜ ਪ੍ਰਕਾਸ, ਪੰਨਾ 1387)

ਆਪ ਜੀ (ਸ੍ਰੀ ਅਮਰਦਾਸ ਜੀ) ਨੂੰ ਇਸ਼ਨਾਨ ਕਰਾਇਆ ਗਿਆ ਅਤੇ 12 ਸਾਫੇ (ਸਿਰੋਪੇ ਦੇ ਰੂਪ ਵਿੱਚ) ਆਖਿਆ ਜਾਂਦਾ ਹੈ ਕਿ ਜੋ ਗੁਰੂ ਘਰ ਵਲੋਂ ਉਹਨਾਂ ਨੂੰ ਮਿਲਦੇ ਸਨ, ਬੜੇ ਪ੍ਰੇਮ ਤੇ ਆਦਰ ਨਾਲ ਸੀਸ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਤਾਰੇ ਸਨ ਅਤੇ ਅਮਰਦਾਸ ਜੀ ਨੂੰ ਨਵੇਂ ਬਸਤਰ ਪਹਿਨਾਏ ਤੇ ਬਾਬਾ ਬੁੱਢਾ ਜੀ ਦੁਆਰਾ ਆਪ ਜੀ ਨੂੰ ਤੀਜੇ ਪਾਤਸ਼ਾਹ ਜੀ ਦੇ ਰੂਪ ਵਿੱਚ ਨਿਰਮਲ ਪੰਥ ਦੇ ਸਤਿਗੁਰੂ ਘੋਸ਼ਿਤ ਕਰ ਦਿੱਤਾ ਗਿਆ ਅਤੇ ਗੁਰਗੱਦੀ ਦਾ ਤਿਲਕ ਲਗਾ ਦਿੱਤਾ ਗਿਆ। ਇਹ ਵਾਕਿਆ 1552 ਈ. ਦਾ ਹੈ। ਗੁਰ ਪੁੱਤਰ ਦਾਸ ਅਤੇ ਦਾਤੂ ਨੇ ਬੁਰਾ ਮਨਾਇਆ ਪ੍ਰੰਤੂ ਸ੍ਰੀ ਗੁਰੂ ਅਮਰਦਾਸ ਜੀ ਇਹ ਸਭ ਕੁਝ ਸ਼ਾਂਤ ਚਿੱਤ ਸਹਿਣ ਕਰਦੇ ਰਹੇ ਅਤੇ ਸਿੱਖੀ ਦਾ ਪ੍ਰਚਾਰ ਦੂਰ-ਦੂਰ ਤੱਕ ਕੀਤਾ।

ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ ਗੋਇੰਦਵਾਲ ਸਾਹਿਬ (ਬਉਲੀ ਸਾਹਿਬ) ਦੀ ਉਸਾਰੀ ਕਰਵਾਈ ਅਤੇ ਨਗਰ ਵਸਾਇਆ। ਇਸ ਨਗਰ ਦੀ ਧਰਤੀ ਤੇ 1556 ਈ. ਵਿੱਚ ਸ੍ਰੀ ਗੁਰੂ ਅਮਰਦਾਸ ਜੀ ਨੇ ਬਉਲੀ ਸਾਹਿਬ ਦਾ ਨੀਂਹ ਪੱਥਰ ਰੱਖਿਆ ਸੀ। ਉਸ ਬਉਲੀ ਦੀਆਂ ਚੌਰਾਸੀ ਪਉੜੀਆਂ ਤਾਮੀਰ ਕੀਤੀਆਂ ਗਈਆਂ। ਗਿਆਨੀ ਗਿਆਨ ਸਿੰਘ ਜੀ ਗ੍ਰੰਥ, 'ਸ੍ਰੀ ਗੁਰੂ ਗ੍ਰੰਥ ਪ੍ਰਕਾਸ' ਵਿੱਚ ਲਿਖਦੇ ਹਨ-

ਚੌਰਾਸੀ ਲਖ ਜੋਨਿ ਕਟਨ ਹਿੱਤ, ਪੌਰੀ ਰਚੀ ਚੁਰਾ ਸੀ।
ਜਾਪ ਜੀ ਪਾਢਿ ਮਨਿ ਥਿਰ ਕਰ, ਸ਼ਰਨਾ ਨਾਇ ਕਟੈ ਜਮਫਾਂਸੀ।

ਗੋਇੰਦਵਾਲ ਸ਼ਹਿਰ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਲੱਗਾ। ਅਜੇ ਤੱਕ ਵੀ ਉਹ ਕਿੱਲੀ ਸਾਹਿਬ ਮੌਜੂਦ ਹੈ ਜਿਸਨੂੰ ਗੁਰੂ ਜੀ ਪਕੜਕੇ ਰਾਤ ਸਮੇਂ ਪ੍ਰਭੂ ਸਿਮਰਨ ਕਰਿਆ ਕਰਦੇ ਸਨ। ਇਸ ਸ਼ਹਿਰ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਵੀ ਕੁੱਝ ਸਮਾਂ ਰਹੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਵੀ ਇਥੇ ਹੀ ਧਾਰਿਆ ਸੀ। ਉਨ੍ਹਾਂ ਦੇ ਪਾਵਨ ਅਸਥਾਨ ਅਜੇ ਤੱਕ ਵੀ ਉਥੇ ਕਾਇਮ ਹੈ। ਗੁਰੂ ਅਮਰਦਾਸ ਜੀ ਨੇ ਉਸ ਸ਼ਹਿਰ ਵਿੱਚ ਪ੍ਰਭੂ ਅੱਗੇ ਅਰਦਾਸ ਕੀਤੀ ਸੀ ਕਿ ਉਹਨਾਂ ਦੇ ਜੀਊਂਦਿਆਂ ਕਦੇ ਵੀ ਕਿਸੇ ਮਾਤਾ-ਪਿਤਾ ਦਾ ਜਵਾਨ ਪੁੱਤਰ ਉਹਨਾਂ ਦੇ ਸਾਹਮਣੇ ਨਾ ਮਰੇ ਅਤੇ ਨਾਂਹ ਹੀ ਕੋਈ ਨਾਰੀ ਵਿਧਵਾ ਹੋਵੇ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸਿਖ ਧਰਮ ਭਾਰਤ ਅਤੇ ਬਿਦੇਸ਼ਾਂ ਵਿੱਚ ਕਾਫੀ ਦੂਰ ਤੱਕ ਫੈਲ ਚੁੱਕਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਅਨੇਕ ਸਿੱਖ ਪੈਦਾ ਕੀਤੇ ਜਿਨ੍ਹਾਂ ਤੱਕ ਹਰ ਗੁਰੂ ਸਾਹਿਬਾਨ ਲਈ ਪਹੁੰਚਣਾ ਸੌਖਾ ਨਹੀਂ ਸੀ। ਸੋ ਇਸ ਮੁਸ਼ਕਲ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਅਮਰਦਾਸ ਜੀ ਨੇ ਮੰਜੀ ਸਿਸਟਮ ਅਰਥਾਤ ਪ੍ਰਚਾਰਕਾਂ ਨੂੰ ਨਿਯੁਕਤ ਕੀਤਾ ਜੋ ਗੁਰ ਸਿੱਖਿਆ ਨੂੰ ਸਿਖਾਂ ਤੱਕ ਪਹੁੰਚਾਉਂਦੇ ਅਤੇ ਸਿੱਖਾਂ ਦੀਆਂ ਮੁਸ਼ਕਲਾਂ ਦੂਰ ਕਰਦੇ।

ਉਹਨਾਂ ਬਾਰੇ ਅਰਥਾਤ ਬਾਈ ਪ੍ਰਚਾਰਕਾਂ ਬਾਰੇ ਮੈਂ

ਵੱਖਰੇ ਲੇਖ ਵਿੱਚ ਜ਼ਿਕਰ ਕਰ ਚੁੱਕਾ ਹਾਂ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਬਾਈ ਮੰਜੀਆਂ ਬਾਰੇ ਪੰਡਤ ਤਾਰਾ ਸਿੰਘ ਨਿਰੋਤਮ ਪੁਸਤਕ 'ਗੁਰ ਤੀਰਥ ਸੰਗ੍ਰਹਿ' ਵਿੱਚ ਉਹਨਾਂ ਦੇ ਨਾਮਾਂ ਬਾਰੇ ਇਸ ਪ੍ਰਕਾਰ ਲਿਖਦੇ ਹਨ-

(1) ਗੰਗੂ ਸ਼ਾਹ ਕਾ ਬੰਸ ਖਤਰੀ ਜ਼ਿਲਾ ਅੰਬਾਲਾ ਦਾਊ ਗ੍ਰਾਮ ਮੇ ਹੈ। ਜਿਨ ਮੇਂ ਬਡਾ ਨਾਮੀ ਗੁਰੂ ਜਵਾਹਰ ਸਿੰਘ ਹੂਆ, ਜਿਸ ਕੇ ਬਹੁਤ ਮਕਾਨੋਂ ਮੇਂ ਝੰਡੇ ਖੜੇ ਹੈਂ। (2) ਸਾਵਣ ਬਾਵਾ ਗੁਰੂ ਅਮਰ ਜੀ ਦਾ ਭਤੀਜਾ। ਜਿਸਕਾ ਬੰਸ ਸਾਵਣ ਕੇ ਬਾਵੇ ਹੈਂ। (3) ਮਾਣਕ ਚੰਦ ਜੀਵੜਾ। (4) ਭਾਈ ਲਾਲੂ। (5) ਪਾਰੋ ਪਰਮ ਹੰਸ। (6) ਰੰਗਦਾਸ ਭੰਡਾਰੀ। (7) ਮਥੋ ਮੁਰਾਰੀ। (8) ਦਰਬਾਰੀ ਖੱਤਰੀ ਲੂੰਬਾ ਮਜੀਠੇ ਕਾ। (9) ਫੇਰਾ ਖੱਤਰੀ ਕਰਾਰ ਇਲਾਕਾ ਜੰਮੂ ਦਾ। (10) ਮਹੇਸ਼ਾ ਖਤਰੀ ਧਰਿ ਸੁਲਤਾਨਪੁਰ ਦਾ। (11) ਚੂਹਾ ਖੱਤਰੀ ਤਰੇਹਣ, ਸ੍ਰੀ ਹਰਿ ਗੋਬਿੰਦ ਕਾ। (12) ਭਾਈ ਕੇਦਾਰੀ ਖਤਰੀ ਲੂੰਬਾ, ਬਟਾਲੇ ਕਾ। (13) ਤੇਈਏ ਸੇ ਮਰੇ ਇਕ ਬੁਡੀਆ ਕੇ ਪੁੱਤਰ ਕੋ ਜਿਵਾ ਕੇ ਬਖਸ਼ਸ਼ ਕੀ। ਜ਼ਿਲਾ ਪਿੰਡੀ, ਸਾਕਨ ਹਮੀਰਾ ਬਾਦ। (14) ਅਲਿਆਰ ਪਠਾਣ ਸਾਕਨ ਡੱਲੇ ਕਾ। (15) ਸਾਧਾਰਨ ਲੁਹਾਰ, ਜਿਸਨੇ ਬਾਵਲੀ ਜੀ ਕੀ ਕਾਠ ਕੀ ਪੌੜੀ ਬਣਾਣੀ। (16) ਰਾਜਾ ਰਾਮ ਕੋ ਬਖਸ਼ਸ਼। (17) ਰੰਗ ਸ਼ਾਹ ਖਤਰੀ ਧੀਰੜ ਮੌਜਾ, ਮੱਲੂ ਪੋਤੇ, ਜ਼ਿਲਾ ਲਾਹੌਰ। (19) ਹਿੰਦਾਲ ਜਟ, ਜੰਡਿਆਲੇ ਕਾ। (20) ਭਾਈ ਖੇਡਾ ਬ੍ਰਾਹਮਣ ਖੇਮ ਕਰਨ ਕਾ। (21) ਸਚਨ ਸਚ ਬ੍ਰਾਹਮਣ ਸਾਕਨ ਮਦ੍ਰਾ ਕਾ, ਜ਼ਿਲਾ ਲਾਹੌਰ। (22) ਬੇਣੀ ਪੰਡਤ ਪੁਸਤਕਾਂ ਲੀਏ ਫਿਰਤਾ ਥਾ, ਚਰਚਾ ਵਾਸਤੇ।

ਪੂਰਬਲੇ ਗੁਰੂ ਸਾਹਿਬਾਨ, ਵਾਂਗ, ਸ੍ਰੀ ਗੁਰੂ ਅਮਰਦਾਸ ਜੀ ਨੇ 18 ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ) ਵਿੱਚ ਬਾਣੀ ਰਚਨਾ ਕੀਤੀ ਅਤੇ ਕੁਝ ਰਾਗ ਰਹਿਤ ਵੀ ਬਾਣੀ ਰਚੀ ਹੈ ਜੋ ਸ੍ਰੀ ਗ੍ਰੰਥ ਸਾਹਿਬ ਵਿੱਚ ਸੁਰੱਖਿਅਤ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ (ਪੁਸਤਕ ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ) ਗੁਰੂ ਸਾਹਿਬ ਦੇ ਸ਼ਬਦ, ਸਲੋਕਾਂ ਦੀ ਕੁਲ ਗਿਣਤੀ 885 ਹੈ। ਜਿਨ੍ਹਾਂ ਵਿੱਚ 172 ਚਉਪਦੇ, 91 ਅਸ਼ਟਪਦੀਆਂ, 24 ਸੋਲਹੇ, 78 ਪਦੇ, 4 ਅਲਾਹਣੀਆਂ, 20 ਛੰਤ, 411 ਸਲੋਕ ਅਤੇ 85 ਪਉੜੀਆਂ ਹਨ। ਸੁਤੰਤਰ ਨਾਵਾਂ ਵਾਲੀਆਂ ਬਾਣੀਆਂ ਦੀ ਗਿਣਤੀ 8 ਹੈ ਜਿਨ੍ਹਾਂ ਵਿੱਚ ਪੱਟੀ, ਵਾਰ ਗੂਜਰੀ, ਸੂਹੀ, ਰਾਮਕਲੀ, ਮਾਰੂ, ਅਲਾਹਣੀਆਂ, ਅਨੰਦ, ਸਤ ਵਾਰ (ਵਾਰ ਸਤ) ਆਦਿ ਸ਼ਾਮਲ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੁਰੂ ਕੀਤੀ ਹੋਈ ਲੰਗਰ ਦੀ ਪ੍ਰਥਾ ਨੂੰ ਵਿਆਪਕ ਪੱਧਰ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਰ ਦਿੱਤਾ। ਕੋਈ ਵੀ ਦਰਸ਼ਨਾਰਥੀ ਆਉਂਦਾ ਸਤਿਗੁਰਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਲੰਗਰ ਛਕਣਾ ਹੀ ਪੈਂਦਾ ਸੀ। ਇਤਿਹਾਸ ਗਵਾਹ ਹੈ ਕਿ ਅਕਬਰ ਬਾਦਸ਼ਾਹ ਨੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ ਤਾਂ ਹੀ ਸਤਿਗੁਰਾਂ ਦੇ ਦਰਸ਼ਨ ਕਰ ਸਕਿਆ।

ਗੁਰੂ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਹੋ ਚੁੱਕਾ ਸੀ ਬਾਅਦ ਵਿੱਚ ਉਹ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਏ। ਭਾਈ ਜੇਠਾ ਜੀ ਨੇ ਗੋਇੰਦਵਾਲ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਆਪ ਜੀ ਲੋਕ ਲਾਜ ਤਿਆਗ ਕੇ ਸੱਚੇ ਦਿਲੋਂ ਬਉਲੀ ਸਾਹਿਬ ਦੀ ਸੇਵਾ ਵਿੱਚ ਜੁੱਟੇ ਰਹਿੰਦੇ ਅਤੇ ਪ੍ਰਭੂ ਸਿਮਰਨ ਵਿੱਚ ਲੀਨ ਰਹਿੰਦੇ। ਹੌਲੀ-ਹੌਲੀ ਉਹਨਾਂ ਦੀ ਪ੍ਰਭੂ ਭਗਤੀ ਤੋਂ ਗੁਰੂ ਅਮਰਦਾਸ ਜੀ ਰੀਝਣ ਲੱਗੇ।

ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਜੇਠਾ ਜੀ ਨੂੰ ਇਸ਼ਨਾਨ ਕਰਕੇ ਅਤੇ ਨਵੇਂ ਬਸਤਰ ਪਵਾ ਕੇ ਲਿਆਂਦਾ ਜਾਵੇ। ਭਾਈ ਬੁੱਢਾ ਜੀ ਨੂੰ ਗੁਰਿਆਈ ਦਾ ਤਿਲਕ ਲਗਾਉਣ ਲਈ ਕਿਹਾ ਗਿਆ, ਇਸ ਪ੍ਰਕਾਰ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਸਿੱਖ ਜਗਤ ਦੇ ਚੌਥੇ ਗੁਰੂ ਰੂਪ ਵਿੱਚ ਪ੍ਰਸਿੱਧ ਹੋਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇਣ ਤੋਂ ਬਾਅਦ ਆਪ ਜੀ (ਗੁਰੂ ਅਮਰਦਾਸ ਜੀ) ਜੋਤੀ ਜੋਤ ਸਮਾਉਣ ਦੀਆਂ ਤਿਆਰੀਆਂ ਕਰਨ ਲੱਗੇ। ਸਭ ਸੰਗਤ ਸੁਣਕੇ ਇਕੱਤਰ ਹੋ ਗਈ ਤਾਂ ਮੋਹਰੀ ਜੀ ਨੇ ਆਪ ਜੀ ਨੂੰ ਆਪ ਜੀ ਦੇ ਕਿਰਿਆ ਕਰਮ ਬਾਰੇ ਪੁੱਛਿਆ ਤਾਂ ਆਪ ਜੀ ਨੇ ਗੁਰਮਤਿ ਅਨੁਸਾਰੀ ਹੋਣ ਦੀ ਸਿੱਖਿਆ ਦਿੱਤੀ। ਬਾਬਾ ਸਰੂਪ ਸਿੰਘ ਭੱਲਾ ਦੇ ਗ੍ਰੰਥ 'ਮਹਿਮਾ ਪ੍ਰਕਾਸ' ਅਨੁਸਾਰ-

ਸੰਮਤ 1631 ਭਾਦੋਂ ਸੁਦੀ ਪੂਰਨਮਾਸ਼ੀ ਮੰਗਲਵਾਰ।
ਸ੍ਰੀ ਗੁਰੂ ਅਮਰਦਾਸ ਜੀ ਸਮਾਣੇ ਗੋਇੰਦਵਾਲ।
22 ਬਰਸ 5 ਮਹੀਨੇ 11 ਦਿਨ ਗੁਰਿਆਈ ਵਿੱਚ ਸਰੀਰ ਰਖਿਆ।

ਇਸ ਪ੍ਰਕਾਰ ਗੁਰੂ ਜੀ ਸੰਮਤ 1631 (1574 ਈ.) ਨੂੰ ਜੋਤੀ ਜੋਤਿ ਸਮਾ ਗਏ ਅਤੇ ਮਨੁੱਖਤਾ ਦੀ ਚੌਖੀ ਸੇਵਾ ਕਰਕੇ ਟਹਿਲੋ ਮਹਿਲ ਦੀ ਰੀਤ ਨੂੰ ਅੱਗੇ ਚਲਾ ਗਏ ਅਤੇ ਸਿੱਖਾਂ ਨੂੰ ਇਸ ਉਪਰ ਚਲਣ ਦੀ ਪ੍ਰੇਰਨਾ ਕਰ ਗਏ।

........................................................

# ਸਿਹਤ ਸੰਭਾਲ ਬਾਰੇ ਮਿੱਥਾਂ ਅਤੇ ਸਿਹਤ ਸਿੱਖਿਆ



**ਡਾ. ਅਰੁਣ ਮਿੱਤਰਾ**
**94170-00360**

ਆਲੇ-ਦੁਆਲੇ ਦੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨਾਂ ਤੋਂ ਅਣਜਾਣ, ਪ੍ਰਾਚੀਨ ਮਨੁੱਖ ਨੇ ਕਈ ਕੁਦਰਤੀ ਘਟਨਾਵਾਂ ਜਿਵੇਂ ਮੀਂਹ, ਅੱਗ, ਭੁਚਾਲ ਆਦਿ ਲਈ ਆਕਾਸ਼ੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸੇ ਤਰ੍ਹਾਂ ਉਨ੍ਹਾਂ ਨੇ ਬਿਮਾਰੀਆਂ ਨੂੰ ਕਿਸੇ ਅਲੌਕਿਕ ਸ਼ਕਤੀ ਦੇ ਕਰੋਧ ਦਾ ਨਤੀਜਾ ਸਮਝਿਆ। ਉਪਾਅ ਵੀ ਮੁੱਢਲਾ ਸੀ ਅਤੇ ਉਸ ਸ਼ਕਤੀ ਨੂੰ ਖੁਸ਼ ਕਰਨ ਲਈ ਮੱਥਾ ਟੇਕਣ 'ਤੇ ਆਧਾਰਿਤ ਸੀ।

ਸਮਾਂ ਬੀਤਣ ਨਾਲ ਮਨੁੱਖ ਜਾਤੀ ਨੇ ਆਲੇ-ਦੁਆਲੇ ਦੀ ਮਾੜੀ ਸਿਹਤ ਲਈ ਜ਼ਿੰਮੇਵਾਰ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ; ਇਉਂ ਉਨ੍ਹਾਂ ਕੁਦਰਤ ਵਿੱਚ ਹੀ ਇਲਾਜ ਦੀ ਖੋਜ ਕੀਤੀ। ਇਸ ਨਾਲ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਇਲਾਜ ਪ੍ਰਣਾਲੀਆਂ ਦਾ ਵਿਕਾਸ ਹੋਇਆ। ਆਧੁਨਿਕ ਚਿਕਿਤਸਾ ਪ੍ਰਣਾਲੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਤੀਬਰ ਖੋਜ ਦੁਆਰਾ ਵਿਗਿਆਨਕ ਢੰਗ ਨਾਲ ਅੱਗੇ ਵਧੀ ਅਤੇ ਇਸ ਅਨੁਸਾਰ ਹੀ ਮੈਡੀਕਲ/ਸਰਜੀਕਲ ਇਲਾਜ ਵਿਕਸਿਤ ਕੀਤਾ ਗਿਆ। ਇਸ ਨੇ ਬਿਮਾਰੀਆਂ ਬਾਰੇ ਕਈ ਪ੍ਰਚਲਿਤ ਮਿੱਥਾਂ ਅਤੇ ਵਿਸ਼ਵਾਸ ਤੋੜ ਦਿੱਤੇ।

ਉਂਝ, ਇਨ੍ਹਾਂ ਸਾਰੀਆਂ ਵਿਕਾਸ ਤੇ ਆਧੁਨਿਕ ਤਕਨੀਕੀ ਕਾਢਾਂ ਦੇ ਬਾਵਜੂਦ ਸਾਡੇ ਸਮਾਜ ਵਿੱਚ ਸਿਹਤ ਸੰਭਾਲ ਬਾਰੇ ਬਹੁਤ ਸਾਰੀਆਂ ਮਿੱਥਾਂ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਕੁਝ ਤਾਂ ਸੰਗਠਿਤ ਢੰਗ ਨਾਲ ਪ੍ਰਚਾਰੀਆਂ ਜਾ ਰਹੀਆਂ ਹਨ। ਸਿਹਤ ਸੰਭਾਲ ਵਿੱਚ ਗੈਰ-ਵਿਗਿਆਨਕ, ਪੁਰਾਣੇ ਵਿਚਾਰਾਂ ਵਾਲਾ ਵਿਸ਼ਵਾਸ ਸਮਾਜ ਦੇ ਸਾਰੇ ਵਰਗਾਂ ਵਿੱਚ ਵੱਖੋ-ਵੱਖਰੇ ਪੱਧਰਾਂ 'ਤੇ ਕਾਇਮ ਹੈ ਭਾਵੇਂ ਇਹ ਵਿਚਾਰ ਸਮੇਂ ਦੀ ਅਜ਼ਮਾਇਸ਼ ਵਿੱਚ ਅਸਫਲ ਰਹੇ ਹਨ। ਵਿਗਿਆਨਕ ਵਿਕਾਸ ਨਾਲ ਵਿਗਿਆਨਕ ਸੁਭਾਅ ਵੀ ਵਿਕਸਿਤ ਹੋਏਗਾ, ਇਹ ਕੋਈ ਜ਼ਰੂਰੀ ਨਹੀਂ। ਲੋਕ ਆਪਣੇ ਫਾਇਦੇ ਲਈ ਵਿਗਿਆਨਕ ਕਾਢਾਂ ਦੀ ਵਰਤੋਂ ਕਰਦੇ ਹਨ ਪਰ ਗੈਰ-ਵਿਗਿਆਨਕ ਵਿਚਾਰਾਂ ਵਿੱਚ ਸ਼ਾਮਲ ਰਹਿੰਦੇ ਹਨ। ਵਿਗਿਆਨਕ ਸੁਭਾਅ ਦੇ ਵਿਕਾਸ ਲਈ ਲੋਕਾਂ ਨੂੰ ਸਿੱਖਿਅਤ ਕਰਨ ਲਈ ਠੋਸ ਯਤਨਾਂ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਬਚਪਨ ਤੋਂ ਹੀ ਵਿਗਿਆਨਕ ਆਧਾਰ 'ਤੇ ਸਿਹਤ ਸਿੱਖਿਆ ਦਿੱਤੀ ਜਾਵੇ ਤਾਂ ਜੋ ਬੱਚੇ ਵੱਡੇ ਹੁੰਦੇ-ਹੁੰਦੇ ਅਜਿਹੇ ਝੂਠੇ ਵਿਸ਼ਵਾਸਾਂ ਦਾ ਸ਼ਿਕਾਰ ਨਾ ਹੋਣ।

ਇਨ੍ਹਾਂ ਮਿਥਿਹਾਸ ਅਤੇ ਵਿਸ਼ਵਾਸਾਂ ਦੇ ਗੰਭੀਰ ਨਤੀਜੇ ਹੋ ਸਕਦੇ ਹਨ; ਵਿਸ਼ੇਸ਼ ਤੌਰ 'ਤੇ ਜਦੋਂ ਮਰੀਜ਼ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਵਿੱਚ ਵੀ ਵਿਸ਼ਵਾਸੀ ਇਲਾਜ ਕਰਨ ਵਾਲਿਆਂ ਨੂੰ ਮਿਲਦੇ ਹਨ। ਅਜਿਹੇ ਹਾਲਾਤ ਵਿੱਚ ਬਿਮਾਰੀ ਜਿਸ ਨੂੰ ਠੀਕ/ਕੰਟਰੋਲ ਕੀਤਾ ਜਾ ਸਕਦਾ ਸੀ ਜਾਂ ਘੱਟ ਦਰਦਨਾਕ ਬਣਾਇਆ ਜਾ ਸਕਦਾ ਸੀ, ਘਾਤਕ ਬਣ ਜਾਂਦਾ ਹੈ ਅਤੇ ਮਰੀਜ਼ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ।

ਸਿਹਤ ਸੰਭਾਲ ਦੀਆਂ ਮਿੱਥਾਂ ਹਰ ਕਿਸਮ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ ਭਾਵੇਂ ਉਹ ਸੰਚਾਰੀ, ਗੈਰ-ਸੰਚਾਰੀ ਜਾਂ ਵਿਗਾੜਨਸ਼ੀਲ ਹੋਣ ਅਤੇ ਸਰੀਰ ਦੀ ਕਿਸੇ ਪ੍ਰਣਾਲੀ ਨਾਲ ਸਬੰਧਿਤ ਹੋਣ। ਕਈ ਲੋਕ ਅਜੇ ਵੀ ਮੰਨਦੇ ਹਨ ਕਿ ਮਿਰਗੀ 'ਡੈਣਾਂ ਦੇ ਪਰਛਾਵੇਂ ਕਾਰਨ ਹੁੰਦੀ ਹੈ, ਇਸ ਲਈ ਇਲਾਜ 'ਡੈਣ ਤੋਂ ਛੁਟਕਾਰਾ ਪਾਉਣ 'ਤੇ ਆਧਾਰਿਤ ਹੈ। ਕਈਆਂ ਦਾ ਮੰਨਣਾ ਹੈ ਕਿ ਗੰਦੀ ਜੁੱਤੀ ਦੀ ਬਦਬੂ ਦੌਰੇ ਦੇ ਮਰੀਜ਼ ਨੂੰ ਠੀਕ ਕਰ ਦੇਵੇਗੀ। ਸਿਫਿਲਿਸ ਜਿਨਸੀ ਤੌਰ 'ਤੇ ਫੈਲਣ ਵਾਲੀ ਬਿਮਾਰੀ ਹੈ ਜਿਸ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿੱਚ 'ਜਲੇਬੀ ਨਾਲ ਦੁੱਧ ਦਾ ਸੇਵਨ ਕਰ ਕੇ ਹੋਣ ਵਾਲਾ ਰੋਗ ਮੰਨਿਆ ਜਾਂਦਾ ਹੈ।'

ਬਹੁਤ ਸਾਰੀਆਂ ਬਿਮਾਰੀਆਂ ਕੁਦਰਤ ਵਿੱਚ ਸਵੈ-

ਸੀਮਤ ਹੁੰਦੀਆਂ ਹਨ। ਉਨ੍ਹਾਂ ਨੂੰ ਸਹਾਇਕ ਇਲਾਜ ਦੀ ਲੋੜ ਹੁੰਦੀ ਹੈ।

ਉਦਾਹਰਨ ਲਈ ਕੰਨ ਪੇੜੇ ਵਰਗੀ ਵਾਇਰਲ ਬਿਮਾਰੀ ਆਮ ਤੌਰ 'ਤੇ ਇੱਕ ਹਫ਼ਤੇ ਜਾਂ ਇਸ ਤੋਂ ਥੋੜ੍ਹਾ ਵੱਧ ਸਮੇਂ ਵਿੱਚ ਠੀਕ ਹੋ ਜਾਂਦੀ ਹੈ। ਇਸ ਨੂੰ ਦਰਦ ਅਤੇ ਹੋਰ ਮੁਸੀਬਤ ਦੇ ਲੱਛਣਾਂ ਨੂੰ ਘਟਾਉਣ ਲਈ ਸਹਾਇਕ ਉਪਾਵਾਂ ਦੀ ਲੋੜ ਹੁੰਦੀ ਹੈ ਪਰ ਕੰਨ ਪੇੜੇ ਦੇ ਮਰੀਜ਼ ਇਸ ਵਿਸ਼ਵਾਸ ਨਾਲ ਘੁਮਾਰ (ਮਿੱਟੀ ਦੇ ਘੜੇ ਬਣਾਉਣ ਵਾਲੇ) ਕੋਲ ਜਾਂਦੇ ਹਨ ਕਿ ਉਸ ਦੇ ਮੂੰਹ ਤੋਂ ਕੁਝ ਮੰਤਰਾਂ ਅਤੇ ਗੱਲ੍ਹਾਂ 'ਤੇ ਮਿੱਟੀ ਲਗਾਉਣ ਨਾਲ ਰੋਗ ਠੀਕ ਹੋ ਜਾਵੇਗਾ। ਕੰਨ ਪੇੜੇ ਪੈਰਾਮਾਈਕਸੋ ਵਾਇਰਸ ਕਾਰਨ ਹੋਣ ਵਾਲੀ ਲਾਰ ਦੀ ਗ੍ਰੰਥੀਆਂ ਦੀ ਵਾਇਰਲ ਲਾਗ ਹੈ ਜਿੱਥੇ ਮਰੀਜ਼ ਨੂੰ ਗੱਲ੍ਹਾਂ ਦੀ ਦਰਦਨਾਕ ਜਾਂ ਜਬਾੜੇ ਦੇ ਹੇਠਾਂ ਸੋਜ ਹੁੰਦੀ ਹੈ। ਇਹ ਸਵੈ-ਸੀਮਿਤ ਵਿਕਾਰ ਹੈ ਅਤੇ ਸਮੇਂ ਨਾਲ ਤੇ ਸਹਾਇਕ ਉਪਾਵਾਂ ਨਾਲ ਠੀਕ ਹੋ ਜਾਂਦਾ ਹੈ।

ਚੇਚਕ (ਚਿਕਨਪੌਕਸ) ਅਤੇ ਅਜਿਹੀਆਂ ਹੋਰ ਬਿਮਾਰੀਆਂ ਲਈ ਵੀ ਇਹੀ ਸੱਚ ਹੈ। ਮੰਨਿਆ ਜਾਂਦਾ ਹੈ ਕਿ ਚਿਕਨਪੌਕਸ ਉਦੋਂ ਹੁੰਦਾ ਹੈ ਜਦੋਂ 'ਦੇਵੀ ਮਾਤਾ ਗੁੱਸੇ ਹੋ ਜਾਂਦੀ ਹੈ। ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਇਸ ਬਿਮਾਰੀ ਨੂੰ 'ਛੋਟੀ ਮਾਤਾ' ਕਿਹਾ ਜਾਂਦਾ ਹੈ। ਇਸ ਲਈ ਲੋਕ ਦੇਵੀ ਨੂੰ ਪ੍ਰਸੰਨ ਕਰਨ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸ ਦੀ ਪੂਜਾ ਕਰਦੇ ਹਨ। ਇਸੇ ਤਰ੍ਹਾਂ ਬੇਲਜ਼ ਪਾਲਸੀ (ਚਿਹਰੇ ਦੇ ਇੱਕ ਪਾਸੇ ਦਾ ਅਧਰੰਗ/ਲਕਵਾ) ਨੂੰ ਅਜਿਹੇ ਮਿਥਿਆਵਾਦੀ ਅਖੌਤੀ ਡਾਕਟਰਾਂ ਦੁਆਰਾ ਵੱਖ-ਵੱਖ ਤਰੀਕਿਆਂ ਨਾਲ ਠੀਕ ਕੀਤਾ ਜਾਂਦਾ ਹੈ। ਅਜਿਹਾ ਹੀ ਇੱਕ ਤਰੀਕਾ ਹੈ 'ਕਨਵੈਕਸ ਲੈਂਸ' ਦੀ ਵਰਤੋਂ ਕਰ ਕੇ ਮਰੀਜ਼ ਦੀ ਗਰਦਨ 'ਤੇ ਸੂਰਜ ਦੀ ਰੌਸ਼ਨੀ ਫੋਕਸ ਕਰਨਾ। ਇਸ ਨਾਲ ਚਮੜੀ 'ਤੇ ਜਲਣ ਹੋ ਜਾਂਦੀ ਹੈ। ਜਿਵੇਂ- ਜਿਵੇਂ ਜਲਣ ਠੀਕ ਹੋ ਜਾਂਦੀ ਹੈ, ਚਿਹਰੇ ਦਾ ਅਧਰੰਗ ਵੀ ਠੀਕ ਹੋ ਜਾਂਦਾ ਹੈ ਕਿਉਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਸਵੈ-ਸੀਮਤ ਬਿਮਾਰੀ ਹੈ।

ਮਿੱਥਾਂ ਉਦੋਂ ਮਜ਼ਬੂਤ ਹੁੰਦੀਆਂ ਜਦੋਂ ਰਾਜ ਦੇ ਮੁਖੀ ਅਜਿਹੇ ਬੇਤੁਕੇ ਵਿਚਾਰ ਕਾਇਮ ਰੱਖਦੇ ਹਨ। ਸਾਡੇ ਪ੍ਰਧਾਨ ਮੰਤਰੀ ਨੇ 2014 'ਚ ਕਿਹਾ ਕਿ ਪੁਰਾਣੇ ਸਮੇਂ ਵਿੱਚ ਭਾਰਤ ਵਿੱਚ ਸਰਜਰੀ ਇੰਨੀ ਉੱਨਤ ਸੀ ਕਿ ਅਸੀਂ ਹਾਥੀ ਦਾ ਸਿਰ ਮਨੁੱਖੀ ਸਰੀਰ ਉੱਤੇ ਸਫਲਤਾਪੂਰਵਕ ਟ੍ਰਾਂਸਪਲਾਂਟ ਕਰ ਸਕਦੇ ਸਾਂ। ਇਹ ਉਨ੍ਹਾਂ ਦਾ ਆਪਣੀ ਪਾਰਟੀ ਦੇ ਕਾਰਕੁਨਾਂ ਨੂੰ ਅਜਿਹੀਆਂ ਗੈਰ-ਪ੍ਰਮਾਣਿਤ ਚੀਜ਼ਾਂ ਫੈਲਾਉਣ ਲਈ ਅੱਗੇ ਵਧਣ ਦਾ ਸੰਕੇਤ ਸੀ। ਇਸ ਤੋਂ ਬਾਅਦ ਮਨੁੱਖੀ ਸਿਹਤ ਲਈ ਗਊ ਮੂਤਰ ਅਤੇ ਗੋਬਰ ਦੀ ਉਪਯੋਗਤਾ ਵਰਗੇ ਪੁਰਾਣੇ ਗੈਰ-ਵਿਗਿਆਨਕ ਵਿਚਾਰਾਂ ਨੂੰ ਜ਼ੋਰ-ਸ਼ੋਰ ਨਾਲ ਉਜਾਗਰ ਕੀਤਾ ਜਾ ਰਿਹਾ ਹੈ ਹਾਲਾਂਕਿ ਇਸ ਦੇ ਪੱਖ ਵਿੱਚ ਕੋਈ ਵਿਗਿਆਨਕ ਸਬੂਤ ਨਹੀਂ ਹਨ।

ਡਾਕਟਰੀ ਇਲਾਜ ਦੇ ਮੁੱਦਿਆਂ 'ਤੇ ਰਾਏ ਦੇਣ ਲਈ ਹਸਪਤਾਲਾਂ ਵਿਚ ਜੋਤਸ਼ੀ ਨਿਯੁਕਤ ਕਰਨ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਸਰਕਾਰ ਦੇ ਕੁਝ ਮੰਤਰੀਆਂ ਵੱਲੋਂ ਤਾਂਤਰਿਕਾਂ ਦੇ ਸੰਮੇਲਨ ਵਿੱਚ ਹਿੱਸਾ ਲੈ ਕੇ ਉਨ੍ਹਾਂ ਦਾ ਸਨਮਾਨ ਕਰਨ ਦੀ ਵੀ ਖ਼ਬਰ ਹੈ। ਅਰੋਗਿਆ ਭਾਰਤੀ ਦੁਆਰਾ 'ਗਰਭ ਵਿਗਿਆਨ ਸੰਸਕਾਰ' ਇੱਕ ਹੋਰ ਵਿਚਾਰਨ ਵਾਲਾ ਮਾਮਲਾ ਹੈ। ਉਹ ਪਤੀ ਪਤਨੀ ਦੇ ਮਿਲਣ ਦੇ ਸਮੇਂ ਜੋੜਿਆਂ ਨੂੰ ਸ਼ਲੋਕਾਂ ਦਾ ਪਾਠ ਕਰਵਾਉਣ ਲਈ ਪ੍ਰਚਾਰ ਕਰਨ ਹਿਤ ਵਰਕਸ਼ਾਪਾਂ ਲਾਉਂਦੇ ਹਨ ਤਾਂ ਜੋ ਉਨ੍ਹਾਂ ਦੀ ਪਸੰਦ ਦੇ ਬੱਚੇ (ਉਤਮ ਸੰਤਤੀ) ਪੈਦਾ ਕੀਤੇ ਜਾ ਸਕਣ। ਉਹ ਦਾਅਵਾ ਕਰਦੇ ਹਨ ਕਿ ਜੋੜੇ ਦੀ ਪਸੰਦ ਦੇ ਬੱਚੇ ਹੋ ਸਕਦੇ ਹਨ ਅਤੇ ਇਸ ਨਾਲ ਸ਼ੁੱਧ ਤੇ ਸ਼ਕਤੀਸ਼ਾਲੀ ਪੀੜ੍ਹੀ ਦਾ ਵਿਕਾਸ ਹੋਵੇਗਾ।

ਕੁਝ ਸਮਾਂ ਪਹਿਲਾਂ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਨਾਂਗੇਸ਼ਵਰ ਰਾਓ ਨੇ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਦੌਰਾਨ ਕਿਹਾ ਸੀ ਕਿ ਪੁਰਾਣੇ ਸਮੇਂ ਵਿਚ ਸਾਡੇ ਕੋਲ ਸਟੈੱਮ ਸੈੱਲ ਤਕਨੀਕ ਇੰਨੀ ਉੱਨਤ ਸੀ ਜੋ ਕਲੋਨਿੰਗ ਵਿਚ ਵਰਤੀ ਜਾਂਦੀ ਸੀ; ਕਰਨ ਅਤੇ 100 ਕੌਰਵਾਂ ਦਾ ਜਨਮ ਇਸ ਤਕਨੀਕ ਨਾਲ ਹੋਇਆ ਸੀ। ਇਹ ਵਿਗਿਆਨਕ ਸਬੂਤ 'ਤੇ ਆਧਾਰਿਤ ਨਹੀਂ, ਇਹ ਕੇਵਲ ਮਿਥਿਹਾਸ ਅਤੇ ਅਸਪੱਸ਼ਟਤਾ ਕਾਇਮ ਰੱਖਣ ਲਈ ਹਨ।

ਹਾਲ ਹੀ ਵਿੱਚ ਆਈ. ਆਈ. ਟੀ. ਮੰਡੀ ਦੇ ਡਾਇਰੈਕਟਰ ਲਕਸ਼ਮੀਧਰ ਬਿਹੜਾ ਨੇ ਕਿਹਾ ਹੈ ਕਿ ਦਿਲ ਉਦੋਂ ਧੜਕਣਾ ਬੰਦ ਕਰ ਦਿੰਦਾ ਹੈ ਜਦੋਂ ਦਿਲ ਵਿੱਚ ਰਹਿੰਦੀ ਰੂਹ ਉਸ ਨੂੰ ਛੱਡ ਦਿੰਦੀ ਹੈ। ਦਿਲ ਦੇ ਦੌਰੇ ਬਾਰੇ ਡਾਕਟਰਾਂ ਦੀ ਥਿਊਰੀ ਉਨ੍ਹਾਂ ਅਨੁਸਾਰ ਬੇਤੁਕੀ ਹੈ। ਮਹੇਸ਼ ਚੰਦ ਸ਼ਰਮਾ ਜੋ ਹੁਣ ਰਾਜਸਥਾਨ ਹਾਈਕੋਰਟ ਦੇ ਸੇਵਾਮੁਕਤ ਜੱਜ ਹਨ, ਕਹਿੰਦੇ ਹਨ ਕਿ ਮਾਦਾ ਮੋਰ ਮਿਲਣ ਕਰ ਕੇ ਨਹੀਂ ਸਗੋਂ ਮੋਰ ਦੀਆਂ ਅੱਖਾਂ ਵਿੱਚੋਂ ਵਗਣ ਵਾਲੇ ਹੰਝੂ ਚੱਟਣ ਕਾਰਨ ਆਂਡੇ ਦਿੰਦੀ ਹੈ।

**ਬਾਕੀ ਸਫ਼ਾ ਨੰ 43 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**10 ਅਪਰੈਲ, 1987;**
**ਸ਼ੁੱਕਰਵਾਰ**

ਪੌੜੀਆਂ ਚੜੇ ਤਾਂ ਅੰਗ ਰੱਖਿਅਕ ਸ਼ਿੰਦਰ ਸਿੰਘ ਕੋਮਲ ਨੇ ਦੱਸਿਆ- ਸੱਚੇ ਪਾਤਸ਼ਾਹ ਜੀ 15 ਮਿੰਟ ਪਹਿਲੇ ਦੇ ਆਏ ਹਨ, ਪ੍ਰਸ਼ਾਦ ਛਕ ਰਹੇ ਹਨ। ਕੋਮਲ ਨੇ ਇੱਕ ਹੋਰ ਸੂਚਨਾ ਦਿੱਤੀ ਕਿ ਕੱਲ 11 ਵਜੇ ਦੇ ਕਰੀਬ ਸੂਬਾ ਉਦੈ ਸਿੰਘ ਚੁੰਨੀ ਸੁਰਗਵਾਸ ਹੋ ਗਏ ਹਨ, ਖਰੜ ਵਿਖੇ। ਸੁਣ ਕੇ ਦੁੱਖ ਹੋਇਆ ਕਿ ਉਹ ਤਾਂ ਅਜੇ ਚੰਗੇ ਭਲੇ 65 ਕੁ ਸਾਲ ਦੇ ਸਨ। ਸ਼੍ਰੀ ਭੈਣੀ ਸਾਹਿਬ ਉਹਨਾਂ ਦਾ ਆਮ ਆਉਣ ਜਾਣ ਸੀ। ਪਿੰਡ ਦੇ ਚੌਧਰੀਆਂ ਨਾਲ ਤਾਲਮੇਲ ਉਨ੍ਹਾਂ ਨੂੰ ਗੁਰੂ ਜੀ ਦੀ ਸ਼ਰਨ ਵਿੱਚ ਲਿਆਉਂਦਾ ਤੇ ਭੈਣੀ ਸਾਹਿਬ ਲੰਗਰ ਵਾਸਤੇ ਸੌਦੇ ਸੂਤ ਕਰਦੇ ਰਹਿਣਾ, ਇਹ ਉਹਨਾਂ ਦੇ ਕਾਰਜ ਸਨ। ਰਾਈਆਂ ਦੇ ਡੇਰੇ ਦੇ ਮਹੰਤ ਮਸਤਰਾਮ ਨੂੰ ਵੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਲਿਆਉਣਾ ਆਪ ਜੀ ਦਾ ਹੀ ਕਾਰਜ ਸੀ। ਮੈਂ ਤੇ ਕਵੀਰਾਜ ਸਿੰਘ ਅੰਦਰ ਗਏ ਤਾਂ ਅਵਤਾਰ ਸਿੰਘ ਸੂਬਾ ਜੈਮਲ ਸਿੰਘ ਦੇ ਭਾਈ ਤੇ ਬੀਬੀ ਮਹਿੰਦਰ ਕੌਰ ਸੁਪਤਨੀ ਸੇਠ ਵਿਜਿੰਦਰ ਸਿੰਘ ਆਦਿ ਦੋ ਤਿੰਨ ਸਰੀਰ ਸਤਿਗੁਰੂ ਜੀ ਦੇ ਪ੍ਰਸ਼ਾਦ ਉਪਰੰਤ ਦਰਸ਼ਨ ਕਰਨ ਦੇ ਇਛੁੱਕ ਸਨ। ਮੈਂ ਕੁਝ ਸਮਾਂ ਉਡੀਕ ਕੇ ਪ੍ਰਸ਼ਾਦ ਕਮਰੇ ਵਿੱਚ ਗਇਆ। ਸਤਿਗੁਰੂ ਜੀ ਪ੍ਰਸ਼ਾਦਾ ਛਕਣ ਜਾ ਚੁਕੇ ਸਨ। ਚੌਂਕੀ ਉੱਪਰ ਚੋਂਕੜੀ ਮਾਰੀ ਬੈਠੇ ਸਨ। ਕੋਲ ਸਨ- ਸੇਠ ਤਰਲੋਕ ਸਿੰਘ, ਸੇਠ ਵਿਜਿੰਦਰ ਸਿੰਘ, ਡਰਾਈਵਰ ਗੁਰਮੁਖ ਸਿੰਘ, ਬੀਬੀ ਸੁਰਿੰਦਰ ਕੌਰ, ਬਾਬਾ ਹਰਦੀਪ ਸਿੰਘ ਤੇ ਇੱਕ ਹੋਰ ਬੇ-ਪਛਾਣ ਆਦਮੀ। ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਐਤਕਾਂ ਦਾ ਦੌਰਾ ਸਤਿਗੁਰੂ ਜੀ ਦੀ ਕਿਰਪਾ ਨਾਲ ਸਫਲ ਰਿਹਾ ਹੈ।

ਇਹਨਾਂ 12-13 ਦਿਨਾਂ ਵਿੱਚ ਇੰਗਲੈਂਡ, ਕੀਨੀਆ ਅਤੇ ਤਨਜਾਨੀਆ ਦਾ ਦੌਰਾ ਕਰ ਮੁੜੇ ਹਾਂ। ਸਭ ਪਾਸੇ ਸੁਆਗਤ, ਸਤਿਕਾਰ, ਉਮਾਹ ਅਤੇ ਉਤਸ਼ਾਹ ਸੀ। ਦੋ ਵੇਲੇ ਦੇ ਦੀਵਾਨ, ਨਾਮ ਸਿਮਰਨ ਅਤੇ ਕੀਰਤਨ ਦੁਆਰਾ ਪੂਰੀ ਰੋਣਕ ਹੁੰਦੀ ਰਹੀ। ਯੂ. ਕੇ. ਦੇ ਜਵਾਨਾਂ ਨੇ ਵਿਸ਼ੇਸ਼ ਉਤਸ਼ਾਹ ਵਖਾਇਆ, ਥੋੜੇ ਸਮੇਂ ਵਿੱਚ ਬਹੁਤਾ ਕੰਮ ਕੀਤਾ। ਏਸੇ ਤਰਾਂ ਕੀਨੀਆਂ ਅਤੇ ਤਨਜਾਨੀਆ ਵਿੱਚ ਵੀ। ਮੈਂ ਸਤਿਗੁਰੂ ਜੀ ਨਾਲ ਸੂਬਾ ਉਦੈ ਸਿੰਘ ਜੀ ਬਾਰੇ ਅਫ਼ਸੋਸ ਕੀਤਾ।

ਸਤਿਗੁਰੂ ਜੀ ਬਚਨ ਕੀਤਾ- ਅਸੀਂ ਸੂਬਾ ਜੀ ਕਰਕੇ ਭੈਣੀ ਸਾਹਿਬ ਵੱਲ ਬੇਫਿਕਰ ਸਾਂ। ਉਹਨਾਂ ਬੜੇ ਜਟਿਲ ਕੇਸ ਸਿੱਧੇ ਕੀਤੇ। ਕੋਈ ਉਮਰ ਵੀ ਨਹੀਂ ਸੀ। ਸਰੀਰ ਵੀ ਤਕੜਾ ਸੀ ਪਰ ਰਜ਼ਾ ਅਕਾਲ ਪੁਰਖ ਦੀ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸੰਤ ਜਗਤ ਸਿੰਘ ਜੰਮੂ ਵਾਲੇ ਵੀ ਚੜ੍ਹਾਈ ਕਰ ਗਏ ਹਨ ਪਰ ਉਹਨਾਂ ਦੀ ਆਯੂ ਤੇ ਸਰੀਰਕ ਅਵਸਥਾ ਇਹ ਸੰਭਾਵਨਾ ਰੱਖਦੇ ਸਨ। ਸ੍ਰੀ ਸਤਿਗੁਰੂ ਜੀ ਨੇ ਗੱਲ ਦਾ ਰੁੱਖ ਵਲਾਇਤ ਖਾਨ ਵੱਲ ਕਰਦਿਆਂ ਕਿਹਾ ਕਿ, ਖਾਂ ਸਾਹਿਬ ਦਾ ਦਿਲ ਦਾ ਉਪਰੇਸ਼ਨ ਵਲਾਇਤ ਵਿੱਚ ਹੋ ਚੁਕਾ ਹੈ। ਮੈਂ ਵਲਾਇਤ ਵਿੱਚ ਜਹਾਜੋਂ ਉਤਰਦਿਆਂ ਹੀ ਲੈਸਟਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸਿੱਖਾਂ ਵਿੱਚ ਅਚੰਭਾ ਸੀ ਕਿ ਐਸਾ ਕਿਹੜਾ ਬੰਦਾ ਹੈ, ਜਿਸ ਲਈ ਆਉਂਦਿਆਂ ਹੀ ਟਾਇਮ ਕੱਢ ਲਿਆ ਹੈ।

ਖਾਂ ਸਾਹਿਬ ਧਰਮਬੀਰ ਦੇ ਧਿਆਨ ਵਿੱਚ ਉਸਦੇ ਘਰ ਰਹਿ ਰਹੇ ਸਨ। ਏਥੇ ਇਸਦੇ ਪਿਤਾ ਸ. ਸੁਰਜੀਤ ਸਿੰਘ ਦੀ ਵੀ ਰਿਹਾਇਸ਼ ਹੈ ਜੋ ਸਤਿਗੁਰੂ ਜੀ ਦੇ ਪਰਮ ਪ੍ਰੇਮੀ ਹਨ। ਸ੍ਰੀ ਸਤਿਗੁਰੂ ਜੀ ਨੇ ਇਸ ਸਾਰੇ ਪਰਿਵਾਰ ਨੂੰ ਕਿਰਤਾਰਥ ਕੀਤਾ। ਖਾਂ

ਸਾਹਿਬ ਬਹੁਤ ਪ੍ਰਸੰਨ ਹੋਏ। ਚਰਨਾਂ ਤੇ ਨਮਸਕਾਰ ਕਰ ਅਰਜ ਕੀਤੀ- ਗਰੀਬ ਨਿਵਾਜ ਜੀ ਆਪ ਜੀ ਦੀ ਕਿਰਪਾ ਦੇ ਨਾਲ ਮੈਂ ਨਵਾਂ ਜੀਵਨ ਪਾਇਆ ਹੈ ਅਤੇ ਮੈਂ ਨਵਿਓਂ-ਸਿਰਿਓਂ ਸਿਤਾਰ ਵਜਾਉਣ ਦਾ ਆਰੰਭ ਕਰਨ ਲਈ, ਮੈਂ ਸਿਤਾਰ ਆਪ ਜੀ ਦੇ ਸਾਹਮਣੇ ਵਜਾ ਕੇ ਹੀ ਸ਼ੁਰੂ ਕਰਾਂਗਾ। ਅਤੇ ਉਸ ਦਿਨ ਸਾਊਥ-ਹਾਲ ਦੀਵਾਨ ਵਿੱਚ ਉਹਨਾਂ ਸੁੰਦਰ ਸਿਤਾਰ ਵਜਾਈ। ਬਹੁਤ ਕਮਜੋਰ ਹੋਏ ਪਏ ਸਨ। ਬਾਜੂਆਂ ਦਾ ਚਮੜਾ ਢਿਲਕ ਪਿਆ ਸੀ। ਏਥੇ ਅਸੀਂ ਨਾਮਧਾਰੀ ਬੱਚੇ ਉਹਨਾਂ ਨੂੰ ਸੁਣਾਏ। ਖਾਂ ਸਾਹਿਬ ਨੇ ਖੁਸ਼ੀ ਬਿਹਬਲ ਆਖਿਆ- ਤੁਸਾਂ ਹਰ ਥਾਂ ਹੀ ਆਪਣੇ ਸੰਗੀਤ ਗੁਲਦਸਤੇ ਤਿਆਰ ਕਰ ਰੱਖੇ ਹਨ। ਜਿੱਥੇ ਜਾਂਦੇ ਹੋ ਉੱਥੇ ਹੀ ਸੰਗੀਤ ਦਾ ਮਾਹੌਲ ਹੁੰਦਾ ਹੈ ਗਾਉਣ ਵਾਲੇ ਬੱਚਿਆਂ ਨੇ ਜਦੋਂ ਮੈਨੂੰ ਨਮਸਕਾਰ ਕਰਕੇ ਖਾਂ ਸਾਹਿਬ ਨੂੰ ਵੀ ਕਰਨੀ ਤਾਂ ਉਹਨਾਂ ਨੇ ਹੱਥ ਨਾਲ ਮੈਨੂੰ ਟ੍ਰਾਂਸਫਰ ਕਰਦੇ ਜਾਣਾ।

ਉਹਨਾਂ ਦੀ ਗੱਲ ਬਾਤ, ਭਾਵਨਾ ਤੇ ਆਦਰ ਨੂੰ ਵੇਖ ਕੇ ਸਾਡੇ ਸਿੱਖ ਕਹਿਣ ਲੱਗੇ, ਇਹ ਤਾਂ ਸਾਥੋਂ ਵੀ ਲੰਘ ਗਏ ਹਨ। ਇਹ ਗੱਲ ਬਾਤ ਮੁੱਕੀ ਤਾਂ ਸਤਿਗੁਰ ਜੀ ਦੱਸਿਆ ਕਿ ਉਹ ਸਰਦੀ ਵਿੱਚ ਦੇਸ ਪਰਤਣਗੇ, 20 ਪ੍ਰੋਗਰਾਮ ਤਾਂ ਉਹਨਾਂ ਦੇ ਅਫਰੀਕਾ ਵਿੱਚ ਤੈਅ ਹੋ ਚੁਕੇ ਹਨ, ਯੂ. ਕੇ. ਵਿੱਚ ਬਣ ਰਹੇ ਹਨ। ਦੀਨ ਦਿਆਲ ਜੀ ਨੇ ਮੈਨੂੰ ਦੱਸਿਆ ਗੁਰਦੇਵ (ਸਰੋਦ) ਪਹੁੰਚ ਗਿਆ ਹੈ। ਭਾਵੇਂ ਮੇਰੇ ਮੱਥੇ ਨਹੀਂ ਲੱਗਾ। ਮੈਂ ਦੱਸਿਆ- ਜਿਸ ਦਿਨ ਮੈਂ ਆਪ ਜੀ ਦਾ ਸੰਦੇਸ਼ ਉਸਨੂੰ ਦੇ ਦਿੱਤਾ ਸੀ, ਉਹ ਤਾਂ ਇੱਕ ਜੋਤਸ਼ੀ ਸ੍ਰੀ ਕ੍ਰਿਸ਼ਨ ਅਸ਼ਾਂਤ ਪਾਸ ਮੈਨੂੰ ਵੀ ਲੈ ਗਿਆ। ਜੋਤਸ਼ੀ ਨੇ ਬਲਦੀ ਤੇ ਤੇਲ ਪਾ ਦਿੱਤਾ ਕਿ ਤੇਰੇ ਲਈ 29 ਮਾਰਚ ਸਵੇਰੇ 6 ਤੋਂ 1 ਵਜੇ ਤੱਕ ਵਧੀਆ ਸਮਾਂ ਹੈ। ਤੇਰੇ ਰੁਕੇ ਹੋਏ ਸਾਰੇ ਕਾਰਜ ਰਾਸ ਹੋਣਗੇ। ਇਹ ਸਫਰ ਤੇਰੇ ਲਈ ਲਾਭਦਾਇਕ ਰਹੇਗਾ। ਉਸਨੇ ਉੱਥੋਂ ਆਈ ਟਿਕਟ ਦਾ ਨੁਕਸਾਨ ਕਰਕੇ ਨਵੀਂ ਟਿਕਟ ਖਰੀਦ ਲਈ ਸੀ।

ਮੈਂ ਉਸਨੂੰ ਆਖਿਆ- ਜੇ ਤੂੰ ਇਹ ਅਵੱਗਿਆ ਕਰਨੀ ਹੀ ਹੈ ਤਾਂ ਫਿਰ ਤੁਰੰਤ ਜਾਕੇ ਮੱਥੇ ਨਾ ਲੱਗੀਂ। ਇਹ ਤਾਂ ਸਿੱਧੀ ਗੁਸਤਾਖੀ ਹੀ ਹੋਵੇਗੀ। ਪਰ ਘਰ ਗਿਆਂ ਉਹਦਾ ਪ੍ਰੋਗਰਾਮ ਸੁਣ ਕੇ ਉਹਦੀ ਵਹੁਟੀ ਨੇ ਨਸੀਹਤ ਕੀਤੀ- ਭਾਵੇਂ ਤੁਸੀਂ ਬੇਪ੍ਰਵਾਹੀ ਨਾਲ ਜਾ ਰਹੇ ਹੋ ਪਰ ਉੱਥੇ ਜਾ ਕੇ ਦਰਸ਼ਨ ਜਰੂਰ ਕਰਨੇ। ਜਦੋਂ ਸਾਡਾ ਉਹਨਾਂ ਬਿਨਾਂ ਸਰਨਾ ਹੀ ਨਹੀਂ। ਉਹਨਾਂ ਤੋਂ ਬਿਨਾਂ ਸਾਡਾ ਕੋਈ ਹਿਤੀ ਨਹੀਂ ਅਤੇ ਹਰ ਪਾਸਿਉਂ ਉਹ ਸਾਡਾ ਆਸਰਾ ਹੀ ਹਨ। ਇਸ ਲਈ ਉਹਨਾਂ ਦੇ ਚਰਨਾਂ ਵਿੱਚ ਹਾਜਰ ਹੋਣਾ ਨਾ ਭੁੱਲਣਾ। ਮੈਂ ਸਪਸ਼ਟ ਕੀਤਾ- ਗੁਰਦੇਵ ਨੇ ਪਤਨੀ ਨਾਲੋਂ ਮੇਰੀ ਨਸੀਹਤ ਤੇ ਹੀ ਅਮਲ ਕੀਤਾ ਹੈ। ਏਥੋਂ ਉੱਠੇ ਤਾਂ ਬਾਹਰ ਦਰਜਨ ਕੁ ਸਰੀਰ ਉਡੀਕਦੇ ਪਏ ਸਨ। ਦਰਸ਼ਨ ਦੇ ਨਮਸਕਾਰਾਂ ਪਰਵਾਨ ਕਰ ਆਰਾਮ ਕਮਰੇ ਵਿੱਚ ਪਧਾਰੇ ਤਾਂ ਮੈਂ ਸੇਠ ਜੀ ਨੂੰ ਉਸ ਕਮਰੇ ਵਿੱਚ ਇੱਕ ਅਜਨਬੀ ਦਿਸਦੇ ਆਦਮੀ ਬਾਰੇ ਪੁੱਛਿਆ। ਉਹਨਾਂ ਨੂੰ ਚੁੱਪ ਵੇਖਕੇ ਕਿਸੇ ਹੋਰ ਨੂੰ ਪੁੱਛਿਆ ਤਦੇ ਮੇਰੇ ਪਿੱਛੋਂ ਆਵਾਜ ਆਈ। ਕਵੀ ਜੀ ਸਤਿ ਸ਼੍ਰੀ ਅਕਾਲ। ਇਹ ਉਹੋ ਅਜਨਬੀ ਬੋਲ ਰਿਹਾ ਸੀ। ਇੱਕ ਅੱਖ ਲੋੜ ਤੋਂ ਵੱਧ ਖੁੱਲੀ ਦੂਜੀ ਮੀਟੀ ਮੀਟੀ ਜਿਵੇਂ ਅੱਖ ਮਾਰ ਰਿਹਾ ਹੋਵੇ। ਖੋਦੀ ਜਿਹੀ ਦਾਹੜੀ, ਵਿਰਲੇ ਵਿਰਲੇ ਵਾਲ, ਮੂੰਹ ਸਿਰ ਦੀ ਸ਼ਕਲ ਵਿੱਚ ਏਨਾ ਅੰਤਰ ਕਿ ਮੈਂ ਬਹੁਤ ਮੁਸ਼ਕਲ ਨਾਲ ਪਛਾਣ ਸਕਿਆ। ਜਦੋਂ ਉਹ ਵੇਖ ਕੇ ਹੱਸ ਪਿਆ। ਇਹ ਕੈਂਸਰ ਮਰੀਜ ਅਵਤਾਰ ਸਿੰਘ ਸੀ, ਮੈਂ ਕਿਹਾ;- ਅਵਤਾਰ, ਮੌਤ ਤੈਨੂੰ ਖਿੱਚ-ਖਿੱਚ ਖੜਦੀ ਹੈ। ਸਤਿਗੁਰੂ ਜੀ ਤੈਨੂੰ ਖੋਹ-ਖੋਹ ਲਿਆਂਦੇ ਹਨ।

ਸ਼ਰਧਾ ਭਰਪੂਰ ਹੋ ਅਵਤਾਰ ਬੋਲਿਆ- ਤੁਸਾਂ ਠੀਕ ਆਖਿਆ ਹੈ। ਮੇਰੇ ਮਰਨ ਦੇ ਬਹਾਨੇ ਕਈ ਬਣਦੇ ਹਨ ਪਰ ਅਜੇ ਤਾਂ ਸੱਚੇ ਪਤਾਸ਼ਾਹ ਜੀ ਬਚਾਈ ਆਉਂਦੇ ਹਨ। ਬਾਹਰ ਨਮਸਕਾਰ ਕਰਨ ਵਾਲਿਆਂ ਵਿੱਚ ਮੇਰੇ ਨਾਲ ਆਇਆ ਮਹਾਂ ਕਵੀ ਮਨਸ਼ਾ ਸਿੰਘ ਦੁਖੀ ਪ੍ਰਸਿੱਧ ਦੇਸ਼ ਭਗਤ ਦਾ ਲੜਕਾ ਕਵੀਰਾਜ ਸਿੰਘ ਸੀ। ਉਹਦੀ ਨਮਸਕਾਰ ਪਰਵਾਨ ਕਰਦਿਆਂ ਸਤਿਗੁਰੂ ਜੀ ਬੋਲੇ- ਵੇਖ ਲਵੋ ਇਹ ਕਵੀ ਵੀ ਹੈ, ਰਾਜ ਵੀ ਹੈ ਤੇ ਦੁਖੀ ਵੀ ਹੈ। ਉਸਦੇ ਨਾਮ ਦਾ ਨਿਖੇੜ ਕਰਕੇ, ਇਸ ਵੇਲੇ ਦੇ ਹਾਲਾਤ ਸਾਰਥਕ ਕਰ ਦਿੱਤੇ। ਮੈਂ ਵੇਖਿਆ ਅੱਜ ਸਤਿਗੁਰੂ ਜੀ ਪਾਸ ਅਫਰੀਕਾ ਦੇ ਸ਼ਹਿਰ ਨੈਰੋਬੀ ਵਿੱਚੋਂ ਆਏ ਰਣਜੀਤ ਸਿੰਘ ਤੇ ਇੱਕ ਨੌਜਵਾਨ ਹੋਰ ਵੀ ਸੀ। ਬਾਹਰ ਦਰਸ਼ਨ ਕਰਨ ਵਾਲਿਆਂ ਵਿੱਚ ਜਥੇਦਾਰ ਪ੍ਰੀਤਮ ਸਿੰਘ ਦਿੱਲੀ ਅਤੇ ਸੰਤ ਕਰਮ ਸਿੰਘ ਦਿੱਲੀ, ਮਸਤਾਨੀ ਦਾੜੀ ਵਾਲੀ ਅਤੇ ਹੋਰ ਕਈ ਸਰੀਰ ਸਨ। ਸ੍ਰੀ ਸਤਿਗੁਰੂ ਜੀ ਦੇ ਧਿਆਨ ਵਿੱਚ ਮੈਂ ਪਟਿਆਲੇ ਵਿੱਚ ਪ੍ਰੋ. ਕਸੇਲ ਦਾ ਕੰਮ ਲਿਆਉਣਾ ਚਾਹੁੰਦਾ ਸੀ। ਆਪ ਜੀ ਨੇ 2 ਘੰਟੇ ਦੇ ਦਰਮਿਆਨ ਕਿਸੇ ਵੇਲੇ ਦਾ ਵੀ ਸਮਾਂ ਦਿੱਤਾ। ਮੈਂ ਘਰੋਂ ਪ੍ਰਸ਼ਾਦ ਛਕ ਕੇ ਕੋਠੀ ਦੇ ਬਾਹਰ ਹੀ ਖਲੋਤਾ ਸੀ ਕਿ ਸੰਤ ਸੁਖਦਰਸ਼ਨ ਸਿੰਘ ਪਰਿਵਾਰ, ਕਾਰ ਸਵਾਰ ਸਤਿਗੁਰੂ ਜੀ ਵੱਲ ਜਾਂਦਿਆਂ ਮੈਨੂੰ ਨਾਲ ਲੈ ਗਿਆ। ਸੱਚੇ ਪਾਤਸ਼ਾਹ ਜੀ ਮਨਚੰਦਾ ਦੇ ਘਰ ਸਨ। 8: 20 ਰਾਤੀਂ ਕਰੋਲ ਬਾਗ ਚਾਨਾ ਮਾਰਕੀਟ ਪਾਸ ਉਹਦੇ ਘਰ ਪੁੱਜੇ। ਪੌੜੀਆਂ ਚੜ ਉੱਪਰ ਗਏ ਤਾਂ ਅੰਗਰੱਖਿਅਕ ਬੋਲਿਆ ਕਿ ਸੱਚੇ ਪਾਤਸਾਹ ਜੀ ਹੇਠਾਂ ਉਤਰ ਰਹੇ ਹਨ ਕੋਠੀ ਜਾਣ ਲਈ। 5

ਮਿੰਟ ਤਕ ਨਾ ਆਏ ਤਾਂ ਮੈਂ ਉੱਪਰ ਗਿਆ। ਆਪ ਜੀ ਮਨਚੰਦਾ ਦੇ ਟੈਲੀ ਫੋਨ ਕਮਰੇ ਚੋਂ ਨਿਕਲਣ ਹੀ ਵਾਲੇ ਸਨ ਕਿ ਆਪ ਜੀ ਦੇ ਚਚੇਰੇ ਭਾਈ ਸ੍ਰੀ ਵੱਲਭ ਵਿਸ਼ੇਸ਼ਰ ਸਿੰਘ ਜੀ ਅੰਦਰ ਦਾਖਲ ਹੋਏ ਅਤੇ ਨਾਲ ਹੀ ਪੂਰਬਾ ਨੂੰ ਆਵਾਜ ਪੈ ਗਈ। ਪੂਰਬਾ ਨਾ ਮਿਲਿਆ ਤਾਂ ਸੁਰਿੰਦਰ ਸਿੰਘ ਮਨਚੰਦਾ ਨੂੰ ਅੰਦਰ ਬੁਲਾ ਲਿਆ ਗਿਆ। ਮੈਂ ਸੋਚਿਆ ਸ਼ਾਇਦ ਵੱਲਭ ਜੀ ਨੂੰ ਕੁਝ ਰਕਮ ਦੀ ਲੋੜ ਹੋਵੇ। ਬਾਅਦ ਵਿੱਚ ਮਾਲੂਮ ਹੋਇਆ ਪੂਰਬੇ ਤੋਂ ਕਿ ਵੱਲਭ ਜੀ ਨੂੰ ਪਿਛਲੇਂ ਦਿਨੀਂ ਘੋੜਿਆਂ ਨੂੰ ਕਿਤੇ ਘੱਲਣ ਘਲਾਣ ਵਾਸਤੇ 20,000 ਦੀ ਲੋੜ ਸੀ, ਅੱਜ ਉਹ ਰਕਮ ਅਦਾ ਕਰਨ ਆਏ ਹਨ। ਫਿਰ ਸ਼ਾਇਦ ਸੁਖਦੇਵ ਸਿੰਘ ਸੁੱਖੀ ਨੂੰ ਅੰਦਰ ਬੁਲਾ ਲਿਆ।

ਉਸਨੂੰ ਤੁਰਦਿਆਂ ਵੇਖ ਮੈਂ ਕਹਿ ਦਿੱਤਾ- ਹੁਣ ਮੈਂ ਆਵਾਂ ਜੀ? ਨਹੀਂ ਆਪਾਂ ਕੋਠੀ ਚਲਦੇ ਹਾਂ। ਪੌੜੀਆਂ ਉੱਤਰ ਆਪਣੀ ਗੱਡੀ ਤੇ ਸਵਾਰ ਹੋਏ ਤਾਂ ਪੰਜ ਕਾਰਾਂ ਅਜਮਲ ਖਾਂ ਰੋਡ ਵੱਲ ਨੂੰ ਠੁਮਕ ਪਈਆਂ। ਛੇਤੀ ਹੀ ਅਸੀਂ ਸੂਬਾ ਸੇਵਾ ਸਿੰਘ ਜੀ ਪਟਨੇ ਵਾਲਿਆਂ ਦੇ ਮਕਾਨ ਤੇ ਪਹੁੰਚ ਗਏ। ਸਤਿਗੁਰੂ ਜੀ ਨਾਲ ਪੌੜੀਆਂ ਚੜ ਕੇ ਤੀਜੀ ਛੱਤੇ ਮੈਂ ਵੀ ਸੂਬਾ ਜੀ ਦੇ ਕਮਰੇ ਵਿੱਚ ਪਹੁੰਚ ਗਿਆ। ਸਤਿਗੁਰੂ ਜੀ ਬੈੱਡ ਤੇ ਵਿਛੇ ਕਪੜੇ ਉੱਤੇ ਬੈਠ ਕੇ ਸੂਬਾ ਜੀ ਜਿੰਨਾਂ ਦੀ ਸਿਹਤ ਪਹਿਲਾਂ ਨਾਲੋਂ ਮੈਨੂੰ ਚੰਗੀ ਲੱਗੀ ਚਰਨਾਂ ਵਿੱਚ ਬਹਿ ਗਏ। ਸ੍ਰੀ ਸਤਿਗੁਰੂ ਜੀ ਨੇ ਬਹਿੰਦਿਆਂ ਸਾਰ ਬਚਨ ਕੀਤਾ- ਸੂਬਾ ਜੀ ਨੂੰ ਦੋ ਸਾਖੀਆਂ ਸੁਣਾਣੀਆਂ ਹੁੰਦੀਆਂ ਹਨ।

ਸੂਬਾ ਜੀ ਨੂੰ ਸੰਬੋਧਤ ਹੋਏ;- ਸੂਬਾ ਜੀ ਅਵਤਾਰ ਸਿੰਘ ਨਾਮ ਦਾ ਬੀਬੀ ਕੁਲਦੀਪ ਕੌਰ ਦਾ ਲੜਕਾ ਐਤਕਾਂ ਯੂ. ਕੇ. ਗਿਆ, ਪਤਾ ਲੱਗਾ ਕਿ ਰਾਧਾ ਸੁਆਮੀ ਹੋ ਗਿਆ ਹੈ। ਮੇਰਾ ਜੀਅ ਕਰੇ ਕਿ ਮੈਂ ਇਸਨੂੰ ਜੁਬਾਨੋਂ ਕੁਛ ਨਾ ਆਖਾਂ ਪਰ ਇਹ ਪਹਿਲਾਂ ਹੀ ਰਾਹ ਤੇ ਆ ਜਾਵੇ। ਸਤਿਗੁਰੂ ਜੀ ਕਿਰਪਾ ਕਰਨ ਇਹਦੀ ਮੱਤ ਬੁੱਧ ਨੂੰ ਮੋੜਾ ਆ ਜਾਵੇ ਅਤੇ ਤਾਂ ਹੀ ਮੇਰੇ ਅੱਗੇ ਆ ਕੇ ਹੱਥ ਜੋੜ ਕੇ ਖਲੋ ਗਿਆ - ਬਖਸ਼ ਲਉ, ਮੇਰੇ ਤੇ ਕਿਰਪਾ ਕਰੋ, ਮੈਂ ਬੇਮੁਖ ਹੋ ਗਿਆਂ ਸਾਂ। ਸਤਿਗੁਰਾਂ ਪ੍ਰਤੀਤ ਹੁੰਦੈ- ਮੇਰੀ ਨੇੜੇ ਹੋ ਕੇ ਸੁਣ ਲਈ। ਮੈਂ ਅਵਤਾਰ ਨੂੰ ਆਖਿਆ- ਆਪਣਾ ਘਰ ਕਿਸੇ ਕੀਮਤ ਤੇ ਨਹੀਂ ਛੱਡੀਦਾ। ਤੂੰ ਚੰਗਾ ਕੀਤਾ ਹੈ। ਮੇਰਾ ਇਹੋ ਜੀਅ ਕਰਦਾ ਸੀ ਕਿ ਤੂੰ ਘਰ ਪਰਤ ਆਏਂ।

ਦੂਜੀ ਸਾਖੀ- ਸਤਿਗੁਰੂ ਜੀ ਬਚਨ ਕੀਤਾ, ਸ. ਗਿਆਨ ਸਿੰਘ ਹੰਸਪਾਲ ਨੇ ਦੱਸਿਆ ਸੀ ਕਿ ਇੱਕ ਵਾਰ ਬਾਠ ਜਿਲ੍ਹਾ ਸਿਆਲ ਕੋਟ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਸੀ। ਇਹਨਾਂ ਦੇ ਘਰ ਦੇ ਕੋਲ ਇੱਕ ਲੜਕੀ ਕਿਸੇ ਦੀ ਨਮੂਨੀਏ ਦੀ ਤਕਲੀਫ ਨਾਲ ਬਹੁਤ ਦੁਖੀ ਸੀ। ਸ੍ਰੀ ਸਤਿਗੁਰੂ ਜੀ ਪ੍ਰਸ਼ਾਦਾ ਛਕਣ ਉਪਰੰਤ ਬਿਰਾਜੇ ਹੋਏ ਸਨ। ਗਿਆਨ ਸਿੰਘ ਕੋਲੋਂ ਉਸਦੀ ਤਕਲੀਫ ਝੱਲੀ ਨਾ ਗਈ। ਸ੍ਰੀ ਸਤਿਗੁਰੂ ਜੀ ਦਾ ਬੂਹਾ ਖਟ-ਖਟਾਇਆ ਤਾਂ ਸੱਚੇ ਪਾਤਸ਼ਾਹ ਜੀ ਬਾਹਰ ਆ ਕੇ ਬੋਲੇ। ਕੀ ਗੱਲ ਹੈ? ਗਿਆਨ ਸਿੰਘ ਕਿਹਾ ਕਿ ਲੜਕੀ ਬੜੀ ਤਕਲੀਫ ਵਿੱਚ ਹੈ, ਕਿਰਪਾ ਕਰੋ। ਆਪ ਜੀ ਬੜੀ ਤੇਜੀ ਵਿੱਚ ਹੋ ਕੇ ਬੋਲੇ ਤਾਂ ਮੈਂ ਕੀ ਕਰਾਂ, ਕਿਸੇ ਡਾਕਟਰ ਨੂੰ ਵਿਖਾਉ। ਅਗਲੇ ਦਿਨ ਸਵੇਰੇ ਹੀ ਗਿਆਨ ਸਿੰਘ ਜੀ ਨੂੰ ਸੱਦ ਪੁੱਛਿਆ, ਕੱਲ ਕੀ ਕਹਿੰਦੇ ਸੋ? ਕਿੰਨੀ ਕੁ ਤਕਲੀਫ ਸੀ ?

ਸੱਚੇ ਪਾਤਸ਼ਾਹ ਜੀ, ਸਾਡੇ ਗੁਆਂਢ ਵਿੱਚ ਇੱਕ ਗਰੀਬ ਪਰਿਵਾਰ ਹੈ। ਉਹਨਾਂ ਦੀ ਲੜਕੀ ਨੂੰ ਨਮੂਨੀਆ ਹੈ। ਅਜੇ ਵੀ ਤੜਪ ਰਹੀ ਹੈ। ਉਸਨੂੰ ਠੰਢੇ ਪਾਣੀ ਨਾਲ ਨਹਾ ਦਿਉ। ਸਤਿਗੁਰੂ ਜੀ ਦਾ ਬਚਨ ਸੁਣ ਕੇ ਸ਼ਰਧਾ ਸੰਯੁਕਤ ਘਰ ਵਾਲਿਆਂ ਬਚੜੀ ਨੂੰ ਸਚਮੁੱਚ ਠੰਡੇ ਪਾਣੀ ਨਾਲ ਨਹਾ ਦਿੱਤਾ। ਲੜਕੀ ਨੌਂ ਬਰ ਨੌਂ ਹੋ ਗਈ। ਸਾਖੀ ਸਮਾਪਤ ਹੋ ਰਹੀ ਸੀ ਕਿ ਸੂਬਾ ਜੀ ਦੇ ਪੋਤਰੇ ਨੇ ਇੱਕ ਪਲੇਟ ਵਿੱਚ ਸੇਬ ਤੇ 100 ਰੁਪੈ ਰੱਖ ਕੇ ਭੇਟ ਕੀਤਾ। ਸੂਬਾ ਜੀ ਨੇ ਹੱਥ ਜੋੜ ਕੇ ਅਰਜ ਕੀਤੀ- ਏਸੇ ਤਰਾਂ ਆਪ ਜੀ ਦਿੱਲੀ ਵਿੱਚ ਆਉਂਦੇ ਜਾਂਦੇ ਦਰਸ਼ਨ ਦਿੰਦੇ ਰਿਹਾ ਕਰੋ। ਸਤਿਗੁਰੂ ਜੀ ਨੇ ਸੂਬਾ ਜੀ ਦੇ ਪੋਤਰੇ ਨੂੰ ਸ. ਅਮਰ ਸਿੰਘ ਖਰਬੰਦਾ, ਦੀਆਂ ਅੱਖਾਂ ਬਾਰੇ ਪੁੱਛਿਆ। ਦੱਸਿਆ ਗਿਆ ਕਿ ਪਹਿਲਾਂ ਤੋਂ ਠੀਕ ਹਨ। ਨਜਰ ਕੰਮ ਕਰਨ ਲੱਗੀ ਹੈ। ਏਥੇ 20 ਕੁ ਮਿੰਟ ਲਗ ਗਏ ਸਨ। ਪਰ ਏਥੋਂ ਤੁਰੇ ਤਾਂ ਕਈ ਮੋੜ ਕੱਟਕੇ ਕਪੂਰ ਹਸਪਤਾਲ ਵਿੱਚ ਗੱਡੀਆਂ ਜਾ ਰੁਕੀਆਂ। ਏਥੇ ਸ੍ਰੀ ਮਹਿੰਦਰ ਸਿੰਘ ਜੋੜਕੀਆਂ ਦੀ ਪਤਨੀ ਰਜਿੰਦਰ, ਸਪੁੱਤਰੀ ਸੰਤ ਕਪੂਰ ਸਿੰਘ ਪਾਠੀ ਸ੍ਰੀ ਭੈਣੀ ਸਾਹਿਬ ਕਿਸੇ ਸਰੀਰਕ ਕਸ਼ਟ ਨਾਲ ਪਈ ਸੀ। ਮੈਂ ਤਾਂ ਗੱਡੀ ਵਿੱਚ ਹੀ ਬੈਠਾ ਰਿਹਾ। ਸਤਿਗੁਰੂ ਜੀ 20 ਕੁ ਮਿੰਟ ਹੀ ਲਾ ਕੇ ਫਿਰ ਗੱਡੀਆਂ ਵੱਲ ਆ ਗਏ। ਅੱਜ ਕੱਲ ਇਹ ਜੋੜਾ ਵਿਸ਼ੇਸ਼ ਕਿਰਪਾ ਦਾ ਪਾਤਰ ਹੈ। ਕੋਠੀ ਆ ਕੇ ਆਪ ਜੀ ਆਪਣੇ ਕਮਰੇ ਵਿੱਚ ਆਏ। ਏਥੇ ਸਤਿਗੁਰੂ ਜੀ ਪਾਸ ਅਵਤਾਰ ਸਿੰਘ ਘੁੰਮਣ, ਗੁਰਦੇਵ ਸਿੰਘ ਨੰਬਰਦਾਰ ਸੰਤ ਨਗਰ, ਸੇਠ ਜੀ, ਸਕੱਤਰ ਤਰਸੇਮ ਸਿੰਘ ਅਤੇ ਹੰਸਪਾਲ ਜੀ ਆਦਿ ਸਨ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਗਿਆਨੀ ਸਿੰਘ ਹੋਰੀਂ ਰਾਇਕੋਟ ਵਾਲੇ ਬੁੱਚੜਾਂ ਦੇ ਸਾਕੇ ਵਿਚ ਲੁਧਿਆਣੇ ਜੇਹਲ ਵਿਚ ਫਾਹੇ ਲਾ ਕੇ ਸ਼ਹੀਦ ਕਰ ਦਿੱਤੇ ਗਏ।'' ਮਲੇਰ ਕੋਟਲੇ ਵਿਚ ਸਿੰਘ ਤੋਪਾਂ ਨਾਲ ਉਡਾਏ ਗਏ ਅਤੇ ਸਤਿਗੁਰੂ ਜੀ ਪ੍ਰਦੇਸ ਭੇਜ ਦਿਤੇ ਗਏ। ਮੁੰਦਰੀ ਵਾਲੀ ਗੱਲ ਤੋਂ ਬਾਅਦ ਸਾਰੀ ਸੰਗਤ ਅਤਰੀ ਨੂੰ ਆਪਣੀ ਮਾਤਾ ਸਮਝ ਕੇ 'ਮਾਈ ਅਤਰੀ ਕਹਿ ਕੇ ਸਨਮਾਨ ਨਾਲ ਬੁਲਾਉਣ ਲੱਗ ਪਈ। ਪੰਜ ਛੇ ਮਹੀਨੇ ਬਾਦ ਹੀ ਉਸ ਘਟਨਾ ਤੋਂ, ਸਤਿਗੁਰੂ ਜੀ, ਦੇਸ ਛੱਡ ਜਾਂਦੇ ਹਨ। ਹੁਣ ਮਾਈ ਦਾ ਪ੍ਰਤਾਪ ਦਿਨੋ-ਦਿਨ ਵੱਧਣ ਲਗ ਪਿਆ। ਰਾਜੇ ਮਹਾਰਾਜੇ ਵੀ ਉਹਨੂੰ ਮੱਥੇ ਟੇਕਦੇ ਹਨ। ਸੰਗਤਾਂ ਜਾਣ। ਮੇਲੇ ਹੋਣ। ਪ੍ਰਦੇਸ ਵਿਚ ਗੁਰੂ ਦਰਸ਼ਨ ਹਿੱਤ ਜੋ ਇਧਰੋਂ ਸਿੰਘ ਜਾਂਦੇ ਉਹਨਾਂ ਨੇ ਸਤਿਗੁਰੂ ਜੀ ਪਾਸ ਅਤਰੀ ਦੀ ਬੜੀ ਸੋਭਾ ਕੀਤੀ ਕਿ ਜੀ ਉਸਦਾ ਬੜਾ ਤੇਜ ਪ੍ਰਤਾਪ ਹੈ, ਤੁਹਾਡੀ ਕ੍ਰਿਪਾ ਨਾਲ। ਸਤਿਗੁਰੂ ਜੀ ਨੇ ਉਧਰੋਂ ਇਕ ਹੁਕਮਨਾਮਾ ਮਨੀ ਸਿੰਘ ਦੇ ਨਾਂ ਲਿਖ ਕੇ ਦਿੱਤਾ ਜਿਸ ਵਿਚ ਅਤਰੀ ਪ੍ਰਥਾਇ ਲਿਖਿਆ ਸੀ

"ਅਗੇ ਮਨੀ ਸਿੰਘ ਜੀ, ਤੁਸੀਂ ਅਤਰੀ ਦੇ ਮਾਂ ਪਿਉ ਨੂੰ ਆਖਣਾ ਮੇਰਾ ਕਹਿਣਾ ਤੁਸੀਂ ਕਿਉਂ ਨਹੀਂ ਸਮਝਦੇ ? ਕਿਉਂ ਕਮਲੇ ਹੋਏ ਹੋ ? ਅਤਰੀ ਤਾ ਇਆਣੀ ਹੈ, ਤੁਸੀਂ ਵੀ ਇਆਣੇ ਹੋ ? ਏਸ ਦੀ ਏਸ ਤਰ੍ਹਾਂ ਕਦ ਤੱਕ ਨਿਭੂਗੀ।" (ਹੁਕਮਨਾਮਾ ੧੨)

ਜਿਹੜੇ ਦੁਸ਼ਮਣ ਹੁੰਦੇ ਹਨ ਉਹ ਹਮੇਸ਼ਾਂ ਮੌਕੇ ਦੀ ਭਾਲ ਵਿਚ ਰਹਿੰਦੇ ਹਨ। 'ਦੁਸ਼ਮਣ ਬਾਤ ਕਰੇ ਅਨਹੋਣੀ'। ਤੇਜਾ ਸਿੰਘ ਭਸੌੜੀਆ ਸੀ ਜਿਸ ਪੰਚ ਖਾਲਸਾ ਦੀਵਾਨ ਬਣਾਇਆ ਸੀ। ਉਹ ਅੰਗ੍ਰੇਜ਼ ਸਰਕਾਰ ਦਾ ਬੜਾ ਵੱਡਾ ਝੋਲੀ ਚੁੱਕ ਸੀ। ਕੂਕਿਆਂ ਦਾ ਕੱਟੜ ਵਿਰੋਧੀ ਸੀ। ਕੂਕਿਆਂ ਦੇ ਖ਼ਿਲਾਫ਼ ਸਰਕਾਰ ਦੇ ਕੰਨ ਭਰਦਾ ਰਹਿੰਦਾ ਸੀ। ਉਹਨੂੰ ਵੀ ਆਪਣੇ ਕਿਸੇ ਵਸੀਲੇ ਤੋਂ ਇਹ ਪਤਾ ਲੱਗ ਗਿਆ ਕਿ ਅਤਰੀ ਨੂੰ ਗੁਰੂ ਜੀ ਦਾ ਇਸ ਤਰ੍ਹਾ ਦਾ ਕੋਈ ਹੁਕਮਨਾਮਾ ਆਇਆ ਹੈ। ਉਸ ਆਪਣੇ ਮਨ ਵਿਚ ਸਬੀਲ ਸੋਚਣੀ ਸ਼ੁਰੂ ਕਰ ਦਿੱਤੀ ਕਿ ਅਤਰੀ ਨੂੰ ਕਿਸੇ ਤਰੀਕੇ ਨਾਲ ਉਹਦੇ ਧਰਮ ਤੋਂ ਡੇਗੀਏ ਅਤੇ ਇਸ ਤਰ੍ਹਾਂ ਕੂਕਿਆਂ ਦੇ ਮਗਰ ਭੰਡੀ ਲਾ ਦਿਆਂਗੇ। ਭਸੌੜੀਏ ਨੇ ਇਕ ਔਰਤ ਜਸੂਸੀ ਕਰਨ ਵਾਸਤੇ ਮਾਈ ਅਤਰੀ ਦੇ ਡੇਰੇ ਮਾਈਸਰਖ਼ਾਨੇ ਵਿਖੇ ਛੱਡ ਦਿਤੀ। ਉਹ ਔਰਤ ਜੋ ਗੱਲਾਂ ਵੀ ਦਿਹਾੜੀ ਵਿਚ ਮਾਈ ਅਤਰੀ ਗੁਰੂ ਰਾਮ ਸਿੰਘ ਜੀ ਬਾਰੇ ਕਰੇ, ਉਹ ਸਭ ਗੱਲਾਂ ਚਿੱਠੀ ਰਾਹੀਂ ਇਕ ਬਨਾਉਟੀ ਗੁਰੂ ਰਾਮ ਸਿੰਘ ਬਣ ਗਿਆ, ਜੋ ਜ਼ਾਤ ਦਾ ਤੇਲੀ (ਭਾਈ ਸੰਤੋਖ ਸਿੰਘ ਉਹਨੂੰ ਕਬੀਰ ਪੰਥੀਆ ਲਿਖਦੇ ਹਨ। ਪਰ ਬਾਦ ਵਿਚ ਭਾਈ ਜੀ ਕੁਝ ਥਾਵਾਂ 'ਤੇ ਵਿਸ਼ੇਸ਼ ਕਰ ਅਤਰੀ, ਜਿਸ ਦਾ ਕਤਲ 1904 ਈ. ਵਿਚ ਹੋਇਆ, ਉੱਥੇ ਉਸ ਦੇ ਨਾਲ ਰਹਿੰਦੇ ਕਤਲ ਹੋਣ ਵਾਲੇ ਨੂੰ ਤੇਲੀ ਲਿਖਦੇ ਹਨ। ਸਤਿਗੁਰੂ ਬਿਲਾਸ, ਭਾਗ 2, ਸਫ਼ਾ 307-308, ਸਤਿਗੁਰੂ ਬਿਲਾਸ, ਭਾਗ 2, ਸਫ਼ਾ 380) ਸੀ, ਉਹਨੂੰ ਭੇਜ ਦਿਆ ਕਰੇ। ਉਸ ਬਨਾਉਟੀ ਗੁਰੂ ਰਾਮ ਸਿੰਘ ਨੇ ਕਦੇ ਕਦਾਈਂ ਮਾਈ ਕੋਲ ਆ ਜਾਣਾ ਤੇ ਆਪਣੀ ਜਸੂਸ ਔਰਤ ਦੀ ਦੱਸ ਮੁਤਾਬਿਕ ਉਹਨੂੰ ਕਹਿਣਾ ਕਿ ਤੂੰ ਫਲਾਣੇ ਵੇਲੇ ਫਲਾਣੀ ਥਾਂ ਤੇ ਮੈਨੂੰ ਯਾਦ ਕੀਤਾ ਸੀ। ਮੈਂ ਐਡੀ ਦੂਰੋਂ ਸਿਰਫ਼ ਤੈਨੂੰ ਮਿਲਣ ਵਾਸਤੇ ਆਇਆ ਹਾਂ ਵਗੈਰਾ-ਵਗੈਰਾ। ਮਾਈ ਨੇ ਸਤਿਗੁਰੂ ਜੀ ਦਾ ਬਚਨ ਤਾਂ ਮੰਨਿਆ ਨਹੀਂ ਸੀ ਸੋ ਉਸ ਦੀ ਮੱਤ ਮਾਰੀ ਜਾ ਚੁੱਕੀ ਸੀ। ਉਸ ਬਨਾਉਟੀ ਗੁਰੂ ਬਣੇ ਤੇਲੀ ਨੂੰ ਹੀ ਉਸ ਅਸਲੀ ਗੁਰੂ ਰਾਮ ਸਿੰਘ ਮੰਨ ਲਿਆ ਅਤੇ ਵਿਆਹ ਕਰਵਾ ਕੇ ਉਸ ਦੇ ਨਾਲ ਰਹਿਣਾ ਸ਼ੁਰੂ ਕਰ ਦਿਤਾ। ਮਾਈਸਰ ਖ਼ਾਨੇ ਹੀ ਮਾਈ ਦੇ ਡੇਰੇ ਵਿਚ ਦੋਵੇਂ ਜਣੇ ਬੰਦਾ ਜਨਾਨੀ ਬਣ ਕੇ ਰਹਿਣ ਲੱਗ ਪਏ। ਨਾਮਧਾਰੀ ਪੰਥ ਨੂੰ ਵੀ ਪਤਾ ਲੱਗ ਗਿਆ ਕਿ ਸਾਡੇ ਨਾਲ ਇਹ ਚਾਰ ਸੌ ਵੀਹ ਤੇਜਾ ਸਿੰਘ ਭਸੌੜੀਏ ਨੇ

ਕਰਵਾ ਦਿੱਤੀ ਹੈ। ਮਾਈ ਛਲੀ ਗਈ ਹੈ। ਸੰਤ ਜਵੰਦ ਸਿੰਘ 'ਜ਼ਿੰਦਾ ਸ਼ਹੀਦ' ਲੁਧਿਆਣੇ ਆਕੇ ਪੁਲੀਸ ਕਪਤਾਨ ਬਾਰਬਟਨ ਨੂੰ ਮਿਲੇ ਅਤੇ ਉਹਨਾਂ ਤੇਜਾ ਸਿੰਘ ਦੀ ਕਰਤੂਤ ਬਾਰੇ ਦੱਸਿਆ। ਬਾਰਬਟਨ ਨੂੰ ਕਿਹਾ ਕਿ ਤੂੰ ਇਸਦਾ ਇੰਤਜ਼ਾਮ ਕਰ। ਅੱਗੇ ਤੁਹਾਡੀ ਸਰਕਾਰ ਨੇ ਮਲੇਰਕੋਟਲੇ ਦੀ ਘਟਨਾ ਨੂੰ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਸੀ ਕੀਤਾ। ਜੇ ਸਰਕਾਰ ਵਕਤ ਸਿਰ ਇਤਲਾਹ ਮਿਲਣ ਤੇ ਪ੍ਰਬੰਧ ਕਰਦੀ ਤਾਂ ਸਿੰਘ ਕਿਉਂ ਉਥੇ ਸ਼ਹੀਦ ਹੁੰਦੇ ਅਤੇ ਸਤਿਗੁਰਾਂ ਨੂੰ ਕਿਉਂ ਪ੍ਰਦੇਸ ਜਾਣਾ ਪੈਂਦਾ ? ਹੁਣ ਇਹ ਤੇਜਾ ਸਿੰਘ ਸਾਡੇ ਪੰਥ ਦੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ।ਪਹਿਲਾਂ ਤੋਪਾਂ, ਫਾਂਸੀਆਂ, ਕਾਲੇ ਪਾਣੀਆਂ ਤੇ ਜਾਇਦਾਦ ਦੀਆਂ ਜ਼ਬਤੀਆਂ ਤੋਂ ਸਾਡਾ ਪੰਥ ਜੇ ਝਿਪਿਆ ਨਹੀਂ ਤਾਂ ਹੁਣ ਕੂਕਿਆਂ ਦੀ ਮਾਂ ਨੇ ਖਸਮ ਕਰ ਲਿਆ ਹੈ, ਇਹ ਭੰਡੀ ਪ੍ਰਚਾਰ ਸਾਡੇ ਪਿੱਛੇ ਲਾਉਣ ਦੀ ਭਸੌੜੀਏ ਨੇ ਜਾਹਲਸਾਜ਼ੀ ਕੀਤੀ ਹੈ ਅਤੇ ਮਾਈ ਨੂੰ ਵਰਗਲਾ ਲਿਆ ਹੈ। ਬਾਰਬਟਨ ਨੇ ਕਿਹਾ ਮੈਂ ਨਹੀਂ ਮੰਨਦਾ। ਸੰਤਾਂ ਆਖਿਆ ਹੁਣ ਚੱਲ ਸਾਡੇ ਨਾਲ ਜੇ ਤੈਨੂੰ ਗੁਰੂ ਰਾਮ ਸਿੰਘ ਦੇ ਨਾਂ ਦੀਆਂ ਜਾਹਲੀ ਚਿੱਠੀਆਂ ਨਾ ਫੜਾਈਏ। ਬਾਰਬਟਨ ਚੱਲ ਪਿਆ। ਸੰਤਾਂ ਦੇ ਨਾਲ ਅਛੋਪਲੇ ਹੀ ਉਹਦੇ ਘਰ ਭਸੌੜ ਅੱਪੜ ਗਏ। ਰਵਾਂ ਰਵੀਂ ਅੰਦਰ ਲੰਘ ਗਏ। ਅੰਦਰ ਉਹਦਾ ਕੋਟ ਲਮਕਦਾ ਸੀ। ਉਹਦੀ ਜੇਬ ਵਿਚ ਸੰਤਾਂ ਨੇ ਹੱਥ ਮਾਰਿਆ। ਸਤਾਰਾਂ ਜਾਹਲੀ ਚਿੱਠੀਆਂ ਗੁਰੂ ਰਾਮ ਸਿੰਘ ਜੀ ਦੇ ਨਾਂ ਹੇਠ ਲਿਖੀਆਂ ਫੜੀਆਂ ਗਈਆਂ। ਬਾਰਬਟਨ ਸਮਝ ਤਾਂ ਸਾਰੀ ਗੱਲ ਗਿਆ ਪਰ ਪ੍ਰਬੰਧ ਕੋਈ ਨਾ ਕੀਤਾ। ਜਿਸ ਭਸੌੜੀਏ ਤੇ ਜਾਹਲਸਾਜ਼ੀ ਦਾ ਮੁਕੱਦਮਾ ਚਲਣਾ ਚਾਹੀਦਾ ਸੀ, ਨਾ ਚਲਾਇਆ। ਕਿਉਂ ਜੁ ਉਹ ਕੂਕਾ ਲਹਿਰ ਨੂੰ ਦਬਾਉਣ ਵਾਸਤੇ ਅੰਗ੍ਰੇਜ਼ਾਂ ਅੱਗੇ ਝੂਠ ਸੱਚ ਬੋਲ ਕੇ ਜੀਅ ਤੋੜ ਕੋਸ਼ਿਸ਼ ਕਰਦਾ ਰਹਿੰਦਾ ਸੀ। ਸਰਕਾਰ ਨੂੰ ਇਹ ਵੀ ਲਿਖਦਾ ਸੀ ਕਿ ਗੁਰੂ ਰਾਮ ਸਿੰਘ ਨੂੰ ਹੋਰ ਦੁਰਾਡੇ ਲੈ ਜਾਓ। ਇਹਨਾਂ 'ਤੇ ਸਖਤੀ ਵਧਾ ਦਿਉ। ਤਾਂ ਜੁ ਕੂਕੇ ਇਹਨਾਂ ਦੇ ਹੁਕਮਨਾਮੇ ਲੈ ਕੇ ਨਾ ਆ ਸਕਣ। ਜਿਉਂ ਜਿਉਂ ਪ੍ਰਦੇਸ ਤੋਂ ਸਤਿਗੁਰਾਂ ਦੇ ਹੁਕਮਨਾਮੇ ਆਉਂਦੇ ਸਨ, ਸਿੰਘਾਂ ਵਿਚ ਜੋਸ਼ ਆਉਂਦਾ ਸੀ ਤੇ ਉਹ ਰੂਸ ਦੀ ਉਡੀਕ ਕਰਦੇ ਸਨ, ਜਿਹਨੇ ਏਥੋਂ ਅੰਗੇਰਜ਼ਾਂ ਨੂੰ ਕੱਢ ਕੇ ਮਹਾਂ ਮਲੇਛ ਦਾ ਨਾਸ ਕਰਕੇ ਸੰਤ ਖ਼ਾਲਸੇ ਦਾ ਰਾਜ ਕਾਇਮ ਕਰਨ ਵਿਚ ਹਿੱਸਾ ਪਾਉਣਾ ਸੀ।

ਬਾਰਬਟਨ ਤੋਂ ਨਿਰਾਸ਼ ਹੋ ਕੇ ਸੰਤ ਜਵੰਦ ਸਿੰਘ ਜੀ ਡੇਰੇ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਪਾਸ ਆ ਗਏ। ਸਾਰਾ ਬਿਰਤਾਂਤ ਉਹਨਾਂ ਨੂੰ ਸੁਣਾਇਆ। ਸਤਿਗੁਰੂ ਜੀ ਨੇ ਜਵੰਦ ਸਿੰਘ ਹੋਰਾਂ ਨੂੰ ਕਿਹਾ ਕਿ ਹੁਣ ਤੁਸੀਂ ਪੰਥ ਦੇ ਮੁਖੀ ਸਿੰਘ ਜੋ ਮੁਨਾਸਬ ਸਮਝੋ ਕਰ ਲਵੋ, ਮੈਂ ਤੁਹਾਡੇ ਕੰਮ ਦੇ ਰਾਹ ਵਿਚ ਹੁਣ ਅੜਿੱਕਾ ਨਹੀਂ ਬਣਦਾ।

ਸੰਤ ਜਵੰਦ ਸਿੰਘ ਜੀ ਨੇ ਇਸ ਮਕਸਦ ਲਈ ਆਪਣਾ ਇਕ ਸ਼ਹੀਦੀ ਜਥਾ ਤਿਆਰ ਕਰ ਲਿਆ। ਉਹਨਾਂ ਦੇ ਨਾਲ ਤਿੰਨ ਸਿੰਘ ਹੋਰ ਸ਼ਾਮਲ ਹੋਏ। ਵਧਾਵਾ ਸਿੰਘ ਪਿੰਡ ਝੀਤੇ (ਅੰਮ੍ਰਿਤਸਰ), ਅਰੂੜ ਸਿੰਘ ਬੱਲੂਆਣਾ (ਫੀਰੋਜ਼ਪੁਰ) ਅਤੇ ਕਿਸ਼ਨ ਸਿੰਘ ਵਰਨ (ਸ਼ੇਖੂਪੁਰਾ)। ਇਕ ਬੱਗੇ ਰੰਗ ਦਾ ਊਠ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਤੋਂ ਲੈ ਲਿਆ ਜਿਹੜਾ ਸੂਰਜ ਉੱਗਣ ਤੋਂ ਡੁੱਬਣ ਤੱਕ ਸੱਠ ਕੋਹ ਪੰਧ ਮੁਕਾ ਦਿੰਦਾ ਸੀ। ਜਦੋਂ ਇਹ ਬਠਿੰਡੇ ਪੁੱਜੇ ਤਾਂ ਉਥੇ ਇਹਨਾਂ ਨੂੰ ਮਹੰਤ ਸੇਵਾ ਸਿੰਘ ਮਿਲ ਪਿਆ। ਜਵੰਦ ਸਿੰਘ ਹੋਰਾਂ ਕਿਹਾ ਕਿ ਮਹੰਤ ਜੀ ਦਬਾ-ਦਬ ਸ੍ਰੀ ਭੈਣੀ ਸਾਹਿਬ ਜਾ ਕੇ ਹਾਜ਼ਰ ਹੋ ਜਾਣਾ ਤਾਂ ਕਿ ਚੌਕੀ ਵਾਲੇ ਤੁਹਾਡੀ ਹਾਜ਼ਰੀ ਲਾ ਲੈਣ। ਨਹੀਂ ਤਾਂ ਤੁਸੀਂ ਵੀ ਫੜੇ ਜਾ ਸਕਦੇ ਹੋ।

ਉਸ ਰਾਤ ਦੇ ਘੁਸਮੁਸੇ ਜਿਹੇ ਹਨੇਰੇ ਵਿਚ ਇਹ ਮਾਈ ਅਤਰੀ ਦੇ ਡੇਰੇ ਪੁੱਜੇ। ਮਾਈ ਤਾਂ ਡੇਰੇ ਤੇ ਸ਼ਾਮ ਦੇ ਪ੍ਰਸ਼ਾਦਿਆਂ ਵਾਸਤੇ ਤੰਦੂਰ ਤਪਾ ਰਹੀ ਸੀ। ਵਿਹੜੇ ਵਿਚ ਛਾਪਿਆਂ ਦੇ ਕੰਡੇ ਖਿੱਲਰੇ ਸਨ। ਮਾਈ ਨੇ ਜਦੋਂ ਵੇਖਿਆ ਕਿ ਕੁਝ ਜਣੇ ਆ ਰਹੇ ਹਨ ਤਾਂ ਕਹਿਣ ਲੱਗੀ ਕਿ ਰੁਕਿਓ ਭਾਈ, ਅੱਗੇ ਕੰਡੇ ਖਿਲਰੇ ਹਨ।" "ਅਸੀਂ ਕੰਡੇ ਹੀ ਚੁਗਣ ਆਏ ਹਾਂ, ਮਾਈ! ਜਿਹੜੇ ਸਾਡੇ ਪੰਥ ਦੇ ਰਾਹ ਵਿਚ ਖਿਲਾਰੇ ਈ।" ਚਹੁੰਆਂ ਵਿਚੋਂ ਇਕ ਸਿੰਘ ਸ਼ਾਇਦ ਅਰੂੜ ਸਿੰਘ ਨੇ ਆਖਿਆ, ਜਿਹੜਾ ਕਿਸੇ ਸਮੇਂ ਮਾਈ ਦਾ ਲਾਂਗਰੀ ਰਹਿ ਚੁੱਕਾ ਸੀ ਤੇ ਨਵੀਂ ਖੇਡ ਵੇਖ ਕੇ ਡੇਰਾ ਛੱਡ ਗਿਆ ਸੀ। ਮਾਈ ਨੂੰ ਖੁੜਕ ਗਈ, ਅੰਦਰ ਭੱਜਣ ਲੱਗੀ। ਵਧਾਵਾ ਸਿੰਘ ਹੋਰਾਂ ਨੇ ਟਕੂਆ ਮਾਰ ਕੇ ਡੇਗ ਦਿਤੀ। ਇਕ ਦੋ ਸੱਟਾਂ ਹੋਰ ਮਾਰੀਆਂ ਅਤੇ ਕੰਮ ਨਬੇੜ ਦਿਤਾ। ਤੇਲੀ, ਜੋ ਬਣਿਆ ਸੀ ਨਕਲੀ ਗੁਰੂ; ਉਹ ਪਿੰਡ ਨੂੰ ਨੱਸ ਤੁਰਿਆ। ਕਿਸ਼ਨ ਸਿੰਘ ਵਰਨ ਉਹਦੇ ਪਿੱਛੇ ਭੱਜਿਆ। ਸਿੰਘ ਵਿਚ ਪੰਥ ਦੋਖੀ ਨੂੰ ਗੱਡੀ ਚਾੜਨ ਦਾ ਐਨਾ ਜੋਸ਼ ਸੀ ਕਿ ਤੇਲੀ ਮਗਰ ਨੱਸਦੇ ਕਿਸ਼ਨ ਸਿੰਘ ਨੇ ਤਿੰਨ ਚੁੰਗੀਆਂ ਅਠਾਰਾਂ ਅਠਾਰਾਂ ਹੱਥ ਦੀਆਂ ਮਾਰੀਆਂ। ਜਦੋਂ ਅੰਗ੍ਰੇਜ਼ ਅਫ਼ਸਰ ਮੌਕੇ ਤੇ ਆਇਆ ਸੀ ਤਾਂ ਉਸ ਛਾਲਾਂ ਦੇ ਨਿਸ਼ਾਨ ਵੇਖ ਕੇ ਅਤੇ ਫਾਸਲਾ ਮਿਣ ਕੇ ਕਲਮ ਮੂੰਹ ਵਿਚ ਪਾ ਲਈ ਸੀ। ਅਖੇ, ਇਹ ਕੰਮ ਬੰਦਾ ਤਾਂ ਨਹੀਂ ਕਰ ਸਕਦਾ। ਇਹ ਖ਼ੁਦਾ ਦਾ ਕੰਮ ਹੈ। ਤੇਲੀ ਨੂੰ ਪਿੰਡੋਂ ਬਾਹਰ ਨਿਕਲ ਕੇ ਕਿਸ਼ਨ ਸਿੰਘ ਹੋਰਾਂ ਝਟਕਾ ਦਿਤਾ।

**ਚਲਦਾ.....**

# Humility – The Essence of *Sikhi*



**Alla Singh**
**9971846875**

Recently, Khalsa Aid International volunteered to clean up the Versova beach, where a number of idols of Ganesh had been stuck up in the beach mud, following the Ganesh Visarjan tradition there. Ganesh Visarjan, the ritual of immersing the idol of Lord Ganesha in a body of water at the conclusion of the Ganesh Chaturthi festival, is primarily a religious and cultural tradition that symbolizes the cycle of life, death, and renewal.Historically, idols were made of natural materials like clay, which dissolved in water, making the practice relatively eco-friendly. However, modern idols are often made from non-biodegradable materials such as plaster of Paris (POP), painted with harmful chemical-based paints. When these idols are immersed, they pollute water bodies, harm aquatic life, and affect the overall ecosystem. In Sikhi, Guru Sahib have discouraged outward rituals and asked to focus on actual spirituality.

In this campaign of beach cleaning by Khalsa Aid, one thing was very interesting. They gave a beautiful caption to their video showing the actual cleaning taking place, whereby the volunteers went inside the beach and carefully pulled put the stuck idols and respectfully placed them in containers. The caption said:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

#KhalsaAid recently led a cleanup of Versova Beach following the #GaneshVisarjan in #Mumbai. We were honoured to take on this responsibility after 10 days of celebration of this auspicious festival that brings the city together.

It was very nice to see that in doing this service, Khalsa Aid volunteers did not criticize and abuse anyone. They gave a wonderful message, highlighting the social importance of Ganesh Visarjan, but highlighting the environmental concern subtly, without hurting anyone's feelings. This drew a lot of appreciation and praise from many circles, especially non-Sikhs. It was great to notice the humility of their words and the benefits of their actions.

However, they suffered a lot of trolling mainly from Punjabi youth, who alleged that they were doing all this for advertisement only and they should not have done this, and that they should focus on issues of Punjab, some even mentioning that service of Hindu community was not desired. It was disheartening as well as eye-opening to see how Punjabi youth reacted to a simple service and beautiful message by Khalsa Aid. Even if one imagines for a moment that this was a PR

# ਮਾਤਾ ਭੁਪਿੰਦਰ ਕੌਰ ਜੀ ਦੀ ਯਾਦ 'ਚ ਸ਼ਤਾਬਦੀ ਮੇਲਾ 6.10.2024





















# ਯਾਦਗਾਰੀ ਤਸਵੀਰਾਂ

13.10.2024














# ਸਰਬ ਧਰਮ ਸੰਮੇਲਨ ਵਿੱਚ ਸ਼ਮੂਲੀਅਤ ਕਰਨ ਵਾਲੇ ਧਾਰਮਿਕ ਮੁਖੀਆਂ ਦੀਆਂ ਸਵਾਗਤੀ ਤਸਵੀਰਾਂ















# ਸਤਿਗੁਰ ਸੇਵਾ ਸਫਲ ਹੈ











activity of advertisement, yet it left a strong message for all who saw this activity happening live or online. People commented that one should take a fresh look at this ritual and that one should learn from the Sikhs. But the online abusing to which Khalsa Aid was subjected by Punjabi youth itself informs that gradually, apart from drugs, liquor and other social issues, this habbit of recurrent abusing has become another issue of wide dimensions in Punjab. Coming in midst of that, the humble message of Khalsa Aid was like a cool breeze in scorching sun. Khalsa Aid had to respond to the trollers, and since most abusing had come from the Sikh community itself, they left a very personal comment on their page. They wrote:

"ਮਨ ਵਿਚ ਇੰਨੀ ਨਫਰਤ ਦਾ ਹੋਣਾ ਨਾ ਹੀ ਸਾਡੀ ਕੌਮ ਲਈ ਚੰਗਾ ਹੈ ਨਾ ਹੀ ਤੁਹਾਡੀ ਖੁਦ ਦੀ ਸਿਹਤ ਲਈ.. ਖਾਲਸਾ ਏਡ ਗੁਰੂ ਨਾਨਕ ਸਾਹਿਬ ਦੇ ਫਲਸਫੇ 'ਤੇ ਕੰਮ ਕਰਦਾ ਹੈ (ਸਰਬਤਿ ਦਾ ਭਲਾ) ਗੁਰੂ ਸਾਹਿਬ ਨੇ ਹੀ ਕਿਹਾ ਹੈ ਕਿ (ਪਵਣ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤ) ਖਾਲਸਾ ਏਡ ਦੇ ਪੰਜਾਬ ਦੇ ਅੰਦਰ ਜਾਂ ਪੰਜਾਬ ਤੋਂ ਬਾਹਰ ਕਿਸੇ ਵੀ ਸੇਵਾ ਕਾਰਜ 'ਤੇ ਟੀਕਾ ਟਿੱਪਣੀ ਕਰਨ ਵਾਲੇ ਲੋਕੋ ਉਸ ਤਾਕਤ ਦੇ ਪ੍ਰਭਾਵ ਹੇਠ ਆਏ ਹੋਏ ਨੇ ਜੋ ਤਾਕਤ ਸਿੱਖੀ ਦੀਆਂ ਜੜ੍ਹਾਂ ਖਤਮ ਕਰਨ ਵਿਚ ਦਿਨ ਰਾਤ ਇਕ ਕਰ ਰਹੀ ਹੈ.. ਖਾਲਸਾ ਏਡ ਨੂੰ ਪੂਰੀ ਦੁਨੀਆਂ ਵਿਚ ਲੱਖਾਂ ਕਰੋੜਾਂ ਲੋਕ ਪਿਆਰ ਕਰਦੇ ਹਨ, ਅਤੇ ਖਾਲਸਾ ਏਡ ਦੇ ਸਿਧਾਂਤਾਂ ਉੱਤੇ ਚਲਦਿਆਂ ਉਹ ਪਿਆਰ ਕਰਨ ਵਾਲੇ ਲੋਕ ਆਪਣਾ ਆਲਾ ਦੁਆਲਾ ਸਾਫ ਅਤੇ ਹਰ ਲੋੜਵੰਦ ਦੀ ਮਦਦ ਕਰਨ ਵਿਚ ਆਪਣਾ ਅਹਿਮ ਯੋਗਦਾਨ ਨਿਭਾਉਂਦੇ ਨੇ ਭਾਵੇਂ ਉਹ ਮੁੰਬਈ ਹੋਵੇ ਜਾਂ ਪੰਜਾਬ ਜਾਂ ਫਿਰ ਦੁਨੀਆਂ ਦਾ ਕੋਈ ਵੀ ਕੋਨਾ ਹੋਵੇ.... ਬਾਕੀ ਪੰਜਾਬ ਬਾਰੇ ਵਾਰ ਵਾਰ ਸਵਾਲ ਕਰਨ ਵਾਲੇ ਲੋਕਾਂ ਨੂੰ ਖਾਲਸਾ ਏਡ ਦੇ ਫੋਕਸ ਪੰਜਾਬ ਪ੍ਰੋਜੈਕਟ ਬਾਰੇ ਜਰੂਰ ਪੜ੍ਹਨਾ ਚਾਹੀਦਾ ਹੈ..."

"Having so much hatred in the mind is neither good for our nation nor for your own health. Khalsa Aid works on the philosophy of Guru Nanak Sahib (*Sarbat Da Bhala*) Guru Sahib has said that (*Pawan Guru Pani Pita, Mata Dharat Mahat*) The people who comment on any service work of Khalsa Aid within Punjab or outside Punjab have come under the influence of the force which is working day and night to eliminate the roots of Sikhism. Khalsa Aid is loved by millions of people all over the world, and following the principles of Khalsa Aid, those loving people play an important role in helping their surroundings clean and every needy, whether it is Mumbai or Punjab or any corner of the world. Those who repeatedly question the rest of Punjab must read about Khalsa Aid's Focus Punjab project...".

Then, they shared the link of works that they are doing in Punjab. Indeed, the level of hatred being carried by today's youth is unprecedented and is sure to harm the youth, if not addressed urgently. Keeping in view this urgent need, the need for humility in spiritual progress as mentioned in the Sikhi tradition has been discussed below.

**The Story of Guru Ramdas: The Power of Humility**

One of the most beloved stories from Sikh history that teaches humility is the encounter between Guru Ramdas, the fourth Sikh Guru, and Sri Chand, the elder son of Guru Nanak. Sri Chand, who had chosen the path of asceticism, was known for his sharp intellect and his unique spiritual path. In contrast, Guru Ramdas embodied the ideal of a humble householder, who believed that one could live a simple, grounded life while still being deeply spiritual.

During their meeting, Sri Chand noticed the long beard of Guru Ramdas and, with a touch of jest, asked, "Why have you grown such a long beard?" It was an

opportunity for Guru Ramdas to either defend his appearance or respond with humor, but instead, he chose a path that reflected his deep humility. Guru Ramdas bowed down and said, "To wipe the feet of holy men like you."

This simple yet profound reply disarmed Sri Chand. It was a reminder that humility is the essence of spirituality. Guru Ramdas did not engage in intellectual debates or assert his superiority; instead, he used this moment to teach a powerful lesson—true greatness lies in humility. This story has endured through generations, not just for its wisdom but because it captures the essence of Sikh teachings: service and humility toward all.

**Gurbani: The Guiding Light**

The teachings of Gurbani, the divine hymns found in the Sri Aadi Guru Granth Sahib and Sri Dasam Guru Granth Sahib, serve as the spiritual guidebook for Sikhs and offer profound lessons on humility and human values. One of the core teachings of Gurbani is to rise above the ego, known as *haumai*. According to Gurbani, ego is the root cause of human suffering because it separates us from the Divine and from each other. Bhagat Kabir Ji mentions

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ॥

God is like sugar spilled in the sand. It cannot be picked up by an elephant,

ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥

Kabir ji says: Abandon the ego of your worldly distinctions of superior ancestry, caste, creed; be (humble) like a tiny ant – and picking up the sugar (from sand), eat it.

Thus, Kabir ji teaches humility with this beautiful example. But the today's youth is far away from this. Similarly,

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥

O' Farid! To those who beat you with fists; do not beat them turning around.

ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥੭॥

Go back to your home, kissing their feet.

Farid ji asks the devotees to remain established in their spirituality forever, and not waste their time and energy in futile debates with worldly people, engaged in materialism.

Even if one comes to know of people who are not following the true path of religion, one should not abuse them. Guru Nanak Dev ji clearly mentions:

ਮੰਦਾਕਿਸੈਨ ਆਖੀਐ ਪੜਿਅਖਰੁਏਹੋਬੁਝੀਐ॥

Do not call anyone bad; read the scriptures, this is what we should understand.

ਮੂਰਖੈ ਨਾਲਿ ਨਲੁਝੀਐ॥

Do not argue with fools.

But today's youth, which is detached from Gurbani does not understand this. Many a times, it is seen that someone who has little knowledge in fact, argue more and desires to display his spirituality and knowledge by accusing others.

Farid ji asks the devotees to focus on themselves rather than others:

Even if one comes to know of people who are not following the true path of religion, one should not abuse them. Guru Nanak Dev ji clearly mentions:

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥

Do not call anyone bad; read the scriptures, this is what we should understand.

ਮੂਰਖੈ ਨਾਲਿ ਨ ਲੁਝੀਐ॥੧੯॥

Do not argue with fools.

But today's youth, which is detached from Gurbani does not understand this. Many

a times, it is seen that someone who has little knowledge in fact, argue more and desires to display his spirituality and knowledge by accusing others.

Farid ji asks the devotees to focus on themselves rather than others:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥

Fareed, if you have a keen understanding, then do not write black marks against anyone else.

O' Farid! If you have intellect, do not write black accounts (sins)

ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥੬॥

Look underneath your own collar instead.

Guru Gobind Singh ji mentions:

ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪਰਬੋਧ ਨ ਲਾਗੋ॥

O' Animal! why do you preach to others (when you are yourself ignorant); this way, you will never develop devotion to God.

But there has been a tendency of human to preach others, but not follow the same oneself. Rather, Guru Sahibs teach that in spite of the differences that will always remains between a devotee (God-oriented person) and world-oriented persons ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ (There can never be an alliance between the devotees and the worldly persons)], one must still not feel egoistic about oneself, and dedicating every good thing to God, should remain humble:

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥੧॥

Becoming the dust of everyone's feet, then come to me.

In the above, Guru Arjan Dev ji is informing about the message of God to the devotees, who asks them to be extremely humble, abandon ego in entirety and them come to Him.

Again, Guru Ji says:

ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ॥

Behold the Supreme Lord God near you, and meditate only on the Naam (God's Name).

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ॥

Becoming the dust of everyone's feet, merge with the God.

Thus, abandoning bad feelings for all and by becoming extremely humble is the path to unite with the God.

Humility in Sikh is not merely an abstract concept but a way of life. The Gurus taught that humility leads to a heart that is open to compassion, service, and understanding. It is only through humility that one can truly serve humanity and the Divine without any expectation of reward or recognition.

**Guru Nanak's Inclusivity: Embracing All Religions**

From the very beginning, Guru Nanak's teachings embodied inclusivity. Born into a society divided by caste, religion, and social hierarchy, Guru Nanak's revolutionary message was simple: there is one God, and all human beings are equal. His travels took him to distant lands, where he interacted with people of various faiths—Hindus, Muslims, Buddhists, and others.

Guru Nanak did not see people through the lens of their religious identity but as reflections of the Divine. He sought to bridge the gaps between different communities, bringing together people who were otherwise divided by dogma and social structures. One of the most striking symbols of this inclusivity is the institution of *Langar*, the free community kitchen.

**to be continued**

# ਖ਼ਬਰਨਾਮਾ

## ਜਪੁ ਪ੍ਰਯੋਗ ਮੇਲਾ

**ਨਾਮ ਸਿਮਰਨ, ਕੀਰਤਨ, ਕਥਾ, ਦੀਵਾਨ, ਕਵੀਸ਼ਰੀ, ਲੈਕਚਰ, ਕਵੀ ਦਰਬਾਰ, ਮਾਨ-ਸਨਮਾਨ, ਸਰਬ ਧਰਮ ਸੰਮੇਲਨ, ਉਪਦੇਸ਼, ਗੁਰੂ ਕਾ ਲੰਗਰ**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਗੁਰਤਾਗੱਦੀ ਤੇ ਬਿਰਾਜਮਾਨ ਹੋਏ ਤਾਂ ਆਪ ਨੇ ਭਗਤੀ ਪੱਖ ਨੂੰ ਸਿੱਖਾਂ ਵਿੱਚ ਹੋਰ ਦ੍ਰਿੜਤਾ ਨਾਲ ਲਾਗੂ ਕਰਨ ਲਈ ਜਪੁ ਪ੍ਰਯੋਗ ਦੀ ਆਰੰਭਤਾ ਕੀਤੀ। ਪ੍ਰਯੋਗ ਸ਼ਬਦ ਨੂੰ ਅੰਗ੍ਰੇਜ਼ੀ ਵਿੱਚ Expriment ਕਹਿੰਦੇ ਹਨ।

**ਭਾਵ- ਜਪੁ ਪ੍ਰਯੋਗ-** ਜਪੁ ਦਾ ਸਬੰਧ ਮਨ, ਆਤਮਾ ਨਾਲ ਅਤੇ ਪ੍ਰਯੋਗ ਬਾਹਰੀ ਸਰੀਰ 'ਤੇ ਤਾਂ ਕਿ ਉਹ ਇਸ ਸੰਸਾਰੀ ਭੇਦ ਨੂੰ ਸਮਝਦਾ ਆਪਣੇ ਅੰਤਰੀਵ ਪ੍ਰਭੂ ਨੂੰ ਪਾ ਸਕੇ। ਇਹ ਚਾਲੀ ਦਿਨ ਦਾ ਪ੍ਰਯੋਗ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਹਿੰਦ ਨਹਿਰ ਦੇ ਕੰਢੇ 'ਤੇ ਕੀਤਾ। ਆਪਣੇ ਸਮੇਂ ਵਿੱਚ ਉਹਨਾਂ ਨੇ ਬੀੜ, ਗੜਦੀਵਾਲ ਆਦਿ ਨੂੰ ਰਮਨੀਕ, ਇਕਾਂਤ ਅਬਾਦੀ ਤੋਂ ਦੂਰ ਜਾਣਾ ਇਸ ਪ੍ਰਯੋਗ ਲਈ ਉਚਿਤ ਮੰਨਿਆ। ਉਸ ਸਮੇਂ ਸਤਿਗੁਰੂ ਜੀ ਨਾਲ ਪ੍ਰਯੋਗ ਕਰਨ ਵਾਲੇ ਚੁਨਿੰਦਾ ਸਿਖ ਹੁੰਦੇ ਸਨ। ਸਮੇਂ ਨਾਲ ਜਪੁ ਪ੍ਰਯੋਗ ਵਿੱਚ ਆਮ ਸੰਗਤ ਵੀ ਭਾਗ ਲੈਣ ਲੱਗੀ ਤਾਂ ਇਹ ਪ੍ਰਯੋਗ ਨਾਮਧਾਰੀ ਸੈਂਟਰ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਹੋਣ ਲੱਗੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਜਪੁ ਪ੍ਰਯੋਗ ਨੂੰ ਹੋਰ ਵਿਸਥਾਰ ਦਿੱਤਾ। ਭਾਰਤ ਅਤੇ ਭਾਰਤ ਤੋਂ ਬਾਹਰ ਵੀ ਜਿੱਥੇ-ਜਿੱਥੇ ਨਾਮਧਾਰੀ ਸੰਗਤ ਵੱਸਦੀ ਗਈ ਓਥੇ-ਓਥੇ ਅੱਸੂ ਦਾ ਮਹੀਨਾ ਉਤਸ਼ਾਹ ਨਾਲ ਜਪੁ-ਪ੍ਰਯੋਗ ਕਰਦੀ ਰਹੀ। ਪਿਛਲੇ ਸਾਲ ਭਾਰਤ ਨੂੰ ਛੱਡ ਤੇਰਾਂ ਹੋਰ ਦੇਸ਼ਾਂ ਵਿੱਚ ਜਪੁ ਪ੍ਰਯੋਗ ਸਾਧ ਸੰਗਤ ਨੇ ਕੀਤਾ। ਇਸ ਤਰ੍ਹਾਂ ਹੀ ਹਰ ਦੇਸ਼ ਦੇ ਵੱਖ-ਵੱਖ ਸਟੇਟਾਂ ਵਿੱਚ ਸੈਂਕੜੇ ਨਾਮਧਾਰੀ ਆਪਣੇ ਨੇੜੇ ਦੀਆਂ ਧਰਮਸ਼ਾਲਾਵਾਂ ਜਾਂ ਘਰਾਂ ਵਿੱਚ ਨਾਮ ਸਿਮਰਨ ਕਰਦੇ ਰਹੇ।

**ਅੰਮ੍ਰਿਤ ਦੀ ਦਾਤ-** ਜਪੁ ਪ੍ਰਯੋਗ ਦੀ ਅਰਦਾਸ ਤੋਂ ਇਕ ਦਿਨ ਪਹਿਲਾਂ ਸ੍ਰੀ ਭੈਣੀ ਸਾਹਿਬ ਵਿੱਚ ਸੋਧ ਦਾ ਇਸ਼ਨਾਨ ਕਰਨ ਵਾਲਿਆਂ ਦੀ ਵੱਡੀ ਗਿਣਤੀ ਹੁੰਦੀ ਹੈ। ਇਹ ਸਿੱਖ ਸਰੋਵਰ, ਖੂਹੀਆਂ ਤੋਂ ਇਸ਼ਨਾਨ ਕਰ ਸੁੱਚੇ ਕਪੜੇ ਪਹਿਨ ਅੰਮ੍ਰਿਤ ਛਕਦੇ ਹਨ। ਅੰਮ੍ਰਿਤ ਇਸ ਲਈ ਛਕਿਆ ਜਾਂਦਾ ਹੈ ਤਾਂ ਕਿ ਆਪਣੇ-ਆਪ ਨੂੰ ਮੁੜ ਪਵਿੱਤਰ ਕੀਤਾ ਜਾਵੇ ਅਤੇ ਮਨ ਨੂੰ ਇਹ ਅਹਿਦ ਕਰਵਾਇਆ ਜਾਵੇ ਕਿ ਉਹ ਇਸ ਮਹੀਨੇ ਬਜ਼ਾਰੀ ਭੋਜਨ ਤੋਂ ਦੂਰ ਰਹੇਗਾ। ਅੰਮ੍ਰਿਤ ਛਕਾਉਣ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਦੁਆਬੇ ਦੇ ਜੱਥੇ ਵਲੋਂ ਕੀਤੀ ਜਾਂਦੀ ਹੈ। ਇਸ ਜਥੇ ਨੇ 15 ਤਰੀਕ ਨੂੰ ਦੁਪਹਿਰ ਵੇਲੇ ਅੰਮ੍ਰਿਤ ਤਿਆਰ ਕਰ ਲਿਆ ਸੀ। ਸੰਗਤ ਇਸ਼ਨਾਨ ਕਰਕੇ ਅੰਮ੍ਰਿਤ ਛਕ ਰਹੀ ਸੀ। ਅੰਮ੍ਰਿਤ ਛਕਣ ਵਾਲਿਆਂ ਦਾ ਇਹ ਸਿਲਸਿਲਾ ਦੇਰ ਰਾਤ ਤੱਕ ਚਲਦਾ ਰਿਹਾ ਅਗਲੀ ਸਵੇਰ ਸਵੇਰੇ 12 ਵਜੇ ਤੋਂ ਫਿਰ ਸੰਗਤ ਅੰਮ੍ਰਿਤ ਛਕਣ ਲਈ ਲਾਈਨਾ ਬਣਾ ਕੇ ਆਉਂਦੀ ਰਹੀ। ਅਰਦਾਸ ਤੋਂ ਕੁਝ ਮਿੰਟ ਪਹਿਲਾ ਹੀ ਇਹ ਪੰਗਤਾ ਪ੍ਰਬੰਧਕਾ ਵਲੋਂ ਰੋਕੀਆਂ ਗਈਆਂ। ਅੰਮ੍ਰਿਤ ਛਕਾਉਣ ਦੀ ਇਹ ਵੱਡੀ ਸੇਵਾ ਲਗਾਤਾਰ ਚੌਦਾ ਪੰਦਰਾਂ ਘੰਟੇ ਚਲਦੀ ਹੈ।

**ਅਰਦਾਸ-** ਪੰਦਰਾ ਤਰੀਕ ਨੂੰ ਕੋਠੀ ਵਿੱਚ ਰੱਖੇ ਅਖੰਡ ਪਾਠ ਦਾ ਭੋਗ ਪਿਆ। ਸ੍ਰੀ ਸਤਿਗੁਰੂ ਜੀ ਨੇ ਸੋਲਾਂ ਦੀ ਸਵੇਰ ਨੂੰ ਬਾਗ ਵਾਲੀ ਕੋਠੀ ਵਿੱਚ ਆਪਣਾ ਪ੍ਰਯੋਗ ਅਰੰਭਿਆ। ਬਾਕੀ ਸਾਧ ਸੰਗਤ ਤਿੰਨ ਵਜੇ ਤੋਂ ਪਹਿਲਾਂ ਗੁਰੂ ਨਾਨਕ ਸਤਿਸੰਗ ਭਵਨ ਵਿੱਚ ਇਕੱਤਰ ਹੋਣੀ ਸ਼ੁਰੂ ਹੋ ਗਈ। ਅਰਦਾਸ ਦਾ ਸਮਾਂ ਤਿੰਨ ਵਜੇ ਦਾ ਸੀ। ਤਿੰਨ ਵਜੇ ਤੱਕ ਸਾਰਾ ਪੰਡਾਲ ਨੱਕੋ-ਨੱਕ ਭਰਿਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਦੇ ਆਉਣ 'ਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਅਰਦਾਸ ਆਰੰਭ ਕੀਤੀ।

**ਆਸਾ ਦੀ ਵਾਰ-** ਤਕਰੀਬਨ ਸਾਢੇ ਚਾਰ ਵਜੇ ਰਾਗੀ ਬਲਵੰਤ ਸਿੰਘ ਅਤੇ ਸਾਥੀਆਂ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ ਪਹਿਲਾ ਸ਼ਬਦ ਹੀ ਇਸ ਸਾਰੇ ਸਮੇਂ ਦੀ ਵਿਆਖਿਆ ਕਰਦਾ ਸੀ, ਜਦੋਂ ਦਿਲਰੁਬਾ 'ਤੇ ਪੋਟੇ ਫੇਰਦਿਆਂ ਉਹਨਾਂ ਕਿਹਾ "ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥" ਇਹ ਮੁਨਾਸਬ ਸਮਾਂ ਅੱਜ ਨਾਮਧਾਰੀ ਪੰਥ ਨੂੰ ਮਿਲਿਆ ਸੀ ਕਿ ਇਸ ਮਹੀਨੇ ਨਾਮ ਧਨ ਬੀਜ ਸਕਣ। ਇਸ ਤਰ੍ਹਾਂ ਹੀ ਗਿਆਰਾਂ ਅਕਤੂਬਰ ਤੱਕ ਜਪੁ ਪ੍ਰਯੋਗ ਦੀ ਅਰਦਾਸ ਤਿੰਨ ਵਜੇ ਸਵੇਰੇ ਹੁੰਦੀ ਰਹੀ ਅਤੇ 4 ਵਜੇ ਤੋਂ

ਬਾਅਦ ਰਾਗੀ ਸਿੰਘ ਆਸਾ ਦੀ ਵਾਰ ਲਗਾਉਂਦੇ ਰਹੇ। ਰਾਗੀ ਸਿੰਘਾਂ ਦੇ ਨਾਮ ਜੋ ਸਾਰਾ ਮਹੀਨਾ ਆਸਾ ਦੀ ਵਾਰ ਅਤੇ ਕੀਰਤਨ ਕਰਦੇ ਰਹੇ। ਰਾਗੀ ਹਰਬੰਸ ਸਿੰਘ ਘੁੱਲਾ, ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਡਾ. ਹਰਵਿੰਦਰ ਸਿੰਘ, ਕਿਰਪਾਲ ਸਿੰਘ ਪਾਲੀ, ਸਰਮੁੱਖ ਸਿੰਘ, ਸਤਨਾਮ ਸਿੰਘ, ਸ਼ਾਮ ਸਿੰਘ, ਸੰਤਾ ਸਿੰਘ, ਅਜੈਪਾਲ ਸਿੰਘ, ਹਰਨਾਮ ਸਿੰਘ, ਮਹਿਤਾਬ ਸਿੰਘ, ਭਾਗ ਸਿੰਘ, ਬਸੰਤ ਸਿੰਘ ਦਿੱਲੀ ਆਦਿ।

**ਦੁਪਹਿਰ ਦਾ ਪ੍ਰੋਗਰਾਮ–** ਦੁਪਹਿਰ ਦਾ ਪ੍ਰੋਗਰਾਮ 12 ਵਜੇ ਸ਼ੁਰੂ ਹੋ ਜਾਂਦਾ ਸੀ ਸੰਗਤ ਆਪਣੇ-ਆਪਣੇ ਆਸਨ 'ਤੇ ਬੈਠ ਸਿਮਰਨ ਕਰਦੀ। ਇਹ ਪ੍ਰੋਗਰਾਮ ਕੀਰਤਨ ਤੋਂ ਬਾਅਦ ਜੋਟੀਆਂ ਦੇ ਸ਼ਬਦ ਪੜ੍ਹ ਸਮਾਪਤ ਹੁੰਦਾ।

**ਕਥਾ–** ਇਸ ਵਾਰੀ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਨੂੰ ਸਮਰਪਿਤ ਸੂਰਜ ਪ੍ਰਕਾਸ਼ ਦੀ ਕਥਾ ਕੀਤੀ ਗਈ। ਇਹ ਕਥਾ ਗੁਰੂ ਅਮਰਦਾਸ ਜੀ ਦੇ ਜੀਵਨ ਨਾਲ ਸੰਬੰਧਿਤ ਸੀ। ਕਥਾਕਾਰਾਂ ਦੇ ਨਾਮ ਇਸ ਪ੍ਰਕਾਰ ਹਨ- ਸੰਤ ਨਿਸ਼ਾਨ ਸਿੰਘ, ਪੰਡਤ ਯਾਦਵਿੰਦਰ ਸਿੰਘ, ਜਥੇ. ਕਮਾਲ ਸਿੰਘ, ਗੁਰਲਾਲ ਸਿੰਘ। ਦੋ ਐਤਵਾਰ ਸੰਤ ਗੁਰੂਬਚਨ ਸਿੰਘ, ਸੇਵਕ ਹਰਪਾਲ ਸਿੰਘ ਨੇ ਕਥਾ ਕੀਤੀ। ਸ. ਸੁਵਰਨ ਸਿੰਘ ਵਿਰਕ ਨੇ ਤਿੰਨ ਦਿਨ ਸਵੇਰੇ ਲੈਕਚਰ ਕੀਤਾ। ਗਿਆਨੀ ਪ੍ਰਤਾਪ ਸਿੰਘ ਜੀ (ਸਾਬਕਾ ਹੈਡ ਗ੍ਰੰਥੀ ਸ੍ਰੀ ਹਜ਼ੂਰ ਸਹਿਬ) ਨੇ ਵੀ ਇਕ ਦਿਨ ਕਥਾ ਦੀ ਹਾਜ਼ਰੀ ਲਾਈ।

**ਮੇਲੇ ਦੀ ਆਰੰਭਤਾ–** 11 ਅਕਤੂਬਰ 2024 ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਸਰਮੁੱਖ ਸਿੰਘ, ਸਤਨਾਮ ਸਿੰਘ, ਡਾ. ਹਰਵਿੰਦਰ ਸਿੰਘ, ਤਬਲੇ 'ਤੇ ਹਰਪ੍ਰੀਤ ਸਿੰਘ ਸੋਨੂੰ, ਬਸੰਤ ਸਿੰਘ ਦਿੱਲੀ ਆਦਿ ਜਥੇ ਨੇ ਕੀਤਾ ਸ਼ਬਦ ਸੀ–

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥
ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ॥
ਪੂਜਹੁ ਰਾਮ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥
ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥

ਵਾਰ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਨਾਲ ਸਾਧ ਸੰਗਤ ਨੂੰ ਨਿਹਾਲ ਕੀਤਾ। ਇਹ ਉਪਦੇਸ਼ ਇਸ ਹੀ ਪਰਚੇ ਵਿੱਚ ਆਰੰਭ ਤੇ ਪੜ੍ਹ ਸਕਦੇ ਹੋ।

**ਦੁਪਹਿਰ ਦਾ ਦੀਵਾਨ–** ਅੱਜ ਦਿਨ ਦੇ ਦੀਵਾਨਾਂ ਦੀ ਸ਼ੁਰੂਆਤ ਗਿਆਰਾਂ ਵੱਜੇ ਹੋਈ। ਜਥੇ. ਮਨਜੀਤ ਸਿੰਘ ਜੀ ਦਿੱਲੀ ਨੇ ਜਥੇ ਸਮੇਤ ਰੰਗ ਬੰਨਿਆ। ਉਪਰੰਤ ਜਥੇ. ਬਲਬੀਰ ਸਿੰਘ ਭੈਣੀ ਸਾਹਿਬ ਵਾਲਿਆਂ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੁਮੇਲ ਨਾਲ ਰਸ ਭਿੰਨਾ ਦੀਵਾਨ ਸਜਾਇਆ। ਰਾਗੀ ਮਨਜੀਤ ਸਿੰਘ ਜੀ ਨੇ "ਸੰਸਾਰੁ ਸਮੁੰਦੇ ਤਾਰਿ ਗੋਬਿੰਦੇ॥ ਸਾਖੀ ਪ੍ਰਮਾਣ ਵਜੋਂ ਭਗਵਾਨ ਰਾਮ ਚੰਦਰ ਜੀ ਕਿਸ ਤਰ੍ਹਾਂ ਅਹਲਿਆ ਨੂੰ ਤਾਰਿਆ ਸੁਣਾਇਆ। ਉਪਰੰਤ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਕਥਾ ਆਰੰਭ ਕੀਤੀ। ਉਹਨਾਂ ਦੱਸਿਆ ਗੁਰਮੁੱਖ ਮਨੁੱਖ ਪ੍ਰਮੇਸ਼ਰ ਦੇ ਭੇਦ ਨੂੰ ਜਿਥੇ ਜਾਣਦਾ ਹੈ ਓਥੇ ਉਸ ਅੰਦਰ ਇਕ ਪ੍ਰਮੇਸ਼ਰ ਤੋਂ ਬਿਨਾਂ ਸਭ ਕਰਮਾਂ ਦੇ ਧੰਧੇ ਖਤਮ ਹੋ ਜਾਂਦੇ ਹਨ। ਦੂਸਰੇ ਪਾਸੇ ਮਨਮੁੱਖ ਇਸ ਸੰਸਾਰ ਅੰਦਰ ਬੰਧਨ, ਈਰਖਾ, ਬੇਈਮਾਨੀ, ਕਪਟਤਾ ਵਿੱਚ ਫਸਿਆ ਰਹਿੰਦਾ ਹੈ।

**ਨਿਤਨੇਮ ਤੇ ਕੀਰਤਨ–** ਦੋ ਵਜੇ ਨਿਤਨੇਮ ਦੀ ਅਰਦਾਸ ਹੋਈ ਕੁਝ ਸਮਾਂ ਸ਼ਾਂਤ ਭਾਵ ਨਾਮ ਜਪਣ ਤੋਂ ਬਾਅਦ ਬੀਬੀ ਕੁਲਵੰਤ ਕੌਰ ਦੀ ਯਾਦ ਵਿੱਚ ਪਾਠ ਦਾ ਭੋਗ ਪਾਇਆ ਗਿਆ। ਅੱਜ ਦਾ ਕੀਰਤਨ ਰਾਗੀ ਡਾ. ਹਰਵਿੰਦਰ ਸਿੰਘ ਜੀ, ਸਤਨਾਮ ਸਿੰਘ, ਸਰਮੁੱਖ ਸਿੰਘ ਤਬਲੇ ਤੇ ਹਰਨਾਮ ਸਿੰਘ ਅਤੇ ਇਕਬਾਲ ਸਿੰਘ ਨੇ ਕੀਤਾ ਸ਼ਬਦ ਸੀ "ਮਾਟੀ ਕੋ ਪੁਤਰਾ ਕੈਸੇ ਨਚਤੁ ਹੈ"

**ਰਾਜਨੀਤਿਕ ਮਹਿਮਾਨਾਂ ਦੀ ਆਮਦ–** ਅੱਜ ਸਤਿਗੁਰੂ ਜੀ ਦੇ ਦਰਬਾਰ ਵਿੱਚ ਸ੍ਰੀ ਦਵਿੰਦਰ ਯਾਦਵ ਜੀ ਜੋ ਜਰਨਲ ਸਕੱਤਰ ਹਨ ਆਲ ਇੰਡਿਆ ਕਾਂਗਰਸ ਕਮੇਟੀ ਅਤੇ ਇੰਚਾਰਜ ਪੰਜਾਬ ਮਾਮਲਿਆ ਦੇ। ਉਹਨਾਂ ਦੇ ਨਾਲ ਸ੍ਰੀ ਅਲੋਕ ਕੁਮਾਰ ਜੀ (ਸੈਕਟਰੀ ਆਲ ਇੰਡਿਆ ਕਾਂਗਰਸ ਕਮੇਟੀ) ਸ੍ਰੀ ਰਵਿੰਦਰ ਜੀ, ਸੁਖਵਿੰਦਰ ਡੈਨੀ ਜੀ (ਦਿੱਲੀ ਕਾਂਗਰਸ ਕਮੇਟੀ ਇੰਚਾਰਜ) ਸ. ਹਰਦਿਆਲ ਸਿੰਘ ਜੀ ਕੰਬੋਜ ਸਾਬਕਾ ਐਮ.ਐਲ.ਏ., ਵਿਕਰਮ ਬਾਜਵਾ ਅਤੇ ਨਵਤੇਜ ਸਿੰਘ ਸਾਬਕਾ ਐਮ.ਐਲ.ਏ. ਮੌਜੂਦ ਸੀ।

**ਰਾਤ ਦੇ ਦੀਵਾਨ–** ਰਾਤ ਦੇ ਦੀਵਾਨ ਦੀ ਸ਼ੁਰੂਆਤ 7 ਵਜੇ ਹੋਈ ਰਣਜੀਤ ਸਿੰਘ ਭਗਤਾ ਨੇ ਦੀਵਾਨ ਸਜਾਇਆ ਉਪਰੰਤ ਸੂਬਾ ਅਜੀਤ ਸਿੰਘ ਬਟਾਲਾ ਨੇ "ਹਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥" ਟੇਕ ਲੈ ਕੇ ਬੰਦਗੀ ਕਰਨ ਵਾਲਿਆ ਦੇ ਉਚ ਮੁਰਾਤਬਿਆਂ ਦੀ ਸਿਫ਼ਤ ਕੀਤੀ ਅੰਤ ਵਿੱਚ ਸੂਬਾ ਬਲਵਿੰਦਰ ਸਿੰਘ ਚੱਕ ਯਕੂਬ ਜੀ ਨੇ ਦੀਵਾਨ ਲਾ ਸੰਗਤ ਨੂੰ ਨਿਹਾਲ ਕੀਤਾ।

**12 ਅਕਤੂਬਰ 2024–** ਅੱਜ ਅੰਮ੍ਰਿਤ ਵੇਲੇ ਗੁਰੂ ਨਾਨਕ ਸਤਿਸੰਗ ਭਵਨ ਵਿੱਚ ਢੋਲਕੀ ਦੇ ਥਾਪ ਨਾਲ ਵਾਰਾ ਆਰੰਭ ਹੋਇਆ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ

ਪਾਲੀ, ਸਰਮੁੱਖ ਸਿੰਘ, ਸ਼ਾਮ ਸਿੰਘ ਅਤੇ ਸਾਥੀ ਢੋਲਕੀ 'ਤੇ ਬਿਧੀ ਸਿੰਘ ਸ੍ਰੀ ਭੈਣੀ ਸਾਹਿਬ ਸਨ। ਸ਼ਬਦ ਸੀ- ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥

-ਸੋ ਮਿਲਿਆ ਜੋ ਪ੍ਰਭੂ ਮਿਲਾਇਆ
ਜਿਸੁ ਮਸਤਕਿ ਲੇਖ ਲਿਖਾਂਹੀ॥

ਅੱਜ ਦੁਸ਼ਹਿਰੇ ਦਾ ਦਿਨ ਹੋਣ ਕਾਰਨ ਰਾਗੀਆਂ ਨੇ ਇਹ ਸ਼ਬਦ ਪੜ੍ਹਿਆ-

-ਮੂਰਖੁ ਰਾਵਨੁ ਕਿਆ ਲੇ ਗਇਆ॥
ਅਤੇ
-ਸੂਰਬੀਰਾ ਸਜੇ ਘੋਰ ਬਾਜੇ ਬਜੇ ਭਾਜ ਕੰਤਾ ਸੁਣੇ ਰਾਮ ਆਏ॥

ਆਸਾ ਦੀ ਵਾਰ ਉਪਰੰਤ ਸ. ਸੁਵਰਨ ਸਿੰਘ ਵਿਰਕ ਨੇ ਮਾਈ ਗੁਰਦੇਈ ਜੋ ਖੰਨੇ ਰਿਆਸਤ ਦੀ ਰਾਣੀ ਸੀ। ਗੁਰੂ ਹਰੀ ਸਿੰਘ ਜੀ ਵੇਲੇ ਸ੍ਰੀ ਭੈਣੀ ਸਾਹਿਬ ਆਈ ਸੀ ਉਸਨੇ ਸੇਵਾ, ਸਿਮਰਨ ਨੂੰ ਸਮਰਪਿਤ ਜੀਵਨ ਬਿਤਾਇਆ। ਉਸ ਬਾਰੇ ਵਿਰਕ ਜੀ ਨੇ ਸੰਗਤ ਨੂੰ ਜਾਣੂ ਕਰਵਾਇਆ।

**ਦੁਪਹਿਰ ਦੇ ਦੀਵਾਨ-** ਜਥੇ. ਮਨਮੋਹਨ ਸਿੰਘ ਜੀ ਨੇ 10 ਵਜੇ ਦੀਵਾਨ ਆਰੰਭ ਕੀਤਾ ਉਪਰੰਤ ਜਥੇ. ਦਰਸ਼ਨ ਸਿੰਘ ਜੀ ਦਿੱਲੀ, ਕਵੀ ਦਿਲਬਾਗ ਸਿੰਘ ਵਲਟੋਹਾ, ਸੂਬਾ ਸੁਰਿੰਦਰ ਸਿੰਘ ਜੀ ਗੁਨਾ ਅਤੇ ਜਥੇ. ਕਮਾਲ ਸਿੰਘ ਜੀ ਜਿਨ੍ਹਾਂ ਨੇ ਕਿਰਪਾਲ ਚੰਦ ਉਦਾਸੀ ਦਾ ਪ੍ਰਸੰਗ ਸੁਣਾ ਸੰਗਤ ਨੂੰ ਨਿਹਾਲ ਕੀਤਾ। ਉਪਰੰਤ ਨਾਮ ਸਿਮਰਨ ਦੀ ਅਰਦਾਸ ਹੋਈ।

**ਮਾਨ ਸਨਮਾਨ-** ਅੱਜ ਨਾਮ ਸਿਮਰਨ ਦੀ ਅਰਦਾਸ ਤੋਂ ਬਾਅਦ ਪੰਥਕ ਸੇਵਾਵਾਂ ਲਈ ਤਿੰਨ ਮਾਨ ਸਨਮਾਨ ਦਿੱਤੇ ਗਏ। ਸ. ਹਰਵਿੰਦਰ ਸਿੰਘ ਹੰਸਪਾਲ ਜੀ ਅਤੇ ਪੰਡਤ ਹਰਭਜਨ ਸਿੰਘ ਖੰਡੂਵਾਲੀਏ ਨੂੰ ਮੇਲਾ ਕਰਵਾ ਰਹੇ ਸ. ਚਰਨਜੀਤ ਸਿੰਘ ਜੀ ਦੇ ਪਰਿਵਾਰ ਵਲੋਂ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਨਾਲ ਸਨਮਾਨ ਦੇ ਨਿਵਾਜਿਆ ਗਿਆ। ਸ. ਸੁਵਰਨ ਸਿੰਘ ਵਿਰਕ ਜੀ ਨੇ ਹੰਸਪਾਲ ਜੀ ਦੇ ਪਰਿਵਾਰਕ ਪਿਛੋਕੜ ਅਤੇ ਸੇਵਾਵਾਂ ਬਾਰੇ ਸੰਖੇਪ ਰੂਪ 'ਚ ਸੰਗਤ ਨੂੰ ਦੱਸਿਆ। ਸੂਬਾ ਬਲਵਿੰਦਰ ਸਿੰਘ ਜੀ ਨੇ ਸੰਤ ਹਰਭਜਨ ਸਿੰਘ ਜੀ ਖੰਡੂਵਾਲਿਆਂ ਬਾਰੇ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ।

ਜੋਗਾ ਸਿੰਘ ਕਵੀਸ਼ਰ ਨੂੰ ਸ਼ਹੀਦ ਬਾਬਾ ਲਹਿਣਾ ਸਿੰਘ ਸਨਮਾਨ ਨਾਲ ਨਿਵਾਜਿਆ ਗਿਆ। ਮਾਨ ਪੱਤਰ ਨਿਸ਼ਾਨ ਸਿੰਘ ਦਿੱਲੀ ਨੇ ਪੜ੍ਹਿਆ।

ਅੱਜ ਦਰਬਾਰ ਵਿੱਚ ਨਾਮਧਾਰੀ ਉਲੰਪੀਅਨ ਲੜਕੀ ਭਜਨ ਕੌਰ ਪੁੱਤਰੀ ਭਗਵਾਨ ਸਿੰਘ ਜੋ ਐਲਨਾਬਾਦ ਤੋਂ ਹੈ, ਉਸ ਨੇ ਪੈਰਿਸ ਉਲੰਪਿਕਸ ਵਿੱਚ ਤੀਰ ਅੰਦਾਜੀ ਵਿੱਚ ਭਾਗ ਲਿਆ ਸੀ ਇਹ ਲੜਕੀ ਏਸ਼ੀਅਨ ਗੇਮਸ ਅਤੇ ਵਰਲਡ ਯੂਥ ਚੈਂਪੀਅਨਸ਼ਿਪ ਵਿੱਚ ਬਰੋਨਜ਼ (ਕਾਂਸੀ) ਮੈਡਲ ਜੈਤੂ ਹੈ। ਸ੍ਰੀ ਸਤਿਗੁਰੂ ਜੀ ਨੇ ਭਜਨ ਕੌਰ ਨੂੰ ਸਨਮਾਨ ਦੇ ਕੇ ਨਿਵਾਜਿਆ। ਗੁਰਲਾਲ ਸਿੰਘ ਨੇ ਬੋਲਦਿਆਂ ਦਸਿਆ ਇਹ ਸਾਡੇ ਲਈ ਮਾਨ ਦੀ ਗੱਲ ਹੈ ਸਾਡੀ ਨਾਮਧਾਰੀ ਲੜਕੀ ਦੁਨੀਆਂ ਦੇ ਸਭ ਤੋਂ ਵੱਡੇ ਟੂਰਨਾਮੈਂਟ ਵਿੱਚ ਹਿੱਸੇਦਾਰ ਬਣੀ ਹੈ।

**ਕੀਰਤਨ-** ਅੱਜ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਦੇ ਸਿਖਿਆਰਥੀ ਬੱਚੇ ਆਤਮਾ ਸਿੰਘ, ਆਸਾ ਸਿੰਘ, ਪ੍ਰਭਜੋਤ ਕੌਰ, ਹਰਦੇਵ ਕੌਰ ਅਤੇ ਸਾਥੀਆਂ ਨੇ ਕੀਤਾ। ਸ਼ਬਦ ਸੀ-

-ਚਕ੍ਰ ਚਿਹਨੁ ਅਰੁ ਬਰਨ ਜਾਤਿ
ਆਰੁ ਪਾਤਿ ਨਹਿਨ ਜਿਹ॥
-ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ
ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ॥

**ਰਾਤ ਦੇ ਦੀਵਾਨ-** ਸ਼ਾਮ ਦੇ ਦੀਵਾਨ ਦੀ ਅਰੰਭਤਾ ਕਵੀਸ਼ਰ ਜੋਗਾ ਸਿੰਘ ਨੇ ਕੀਤੀ ਉਪਰੰਤ ਜਥੇ. ਸੁਰਜੀਤ ਸਿੰਘ ਮੁਸਤਫ਼ਾਪੁਰ ਅਤੇ ਸੂਬਾ ਸੰਦੀਪ ਸਿੰਘ ਜੀ ਨੇ ਦੀਵਾਨ ਸਜਾਏ।

**ਕਵੀ ਦਰਬਾਰ-** ਅੱਜ ਕਵੀ ਦਰਬਾਰ ਦਾ ਵਿਸ਼ਾ ਸੀ "ਗੁਰੂ ਮਹਿਲ" ਇਸ ਕਰਕੇ ਸਟੇਜ ਸਕੱਤਰਤਾ ਕਰਦੇ ਹੋਏ ਗੁਰਲਾਲ ਸਿੰਘ ਨੇ ਕਿਹਾ ਕਿ ਕੋਈ ਕਵੀ ਇਸ ਵਿਸ਼ੇ ਤੋਂ ਬਾਹਰ ਕਵਿਤਾ ਨਾ ਪੜ੍ਹੇ। ਕਵੀ ਦਰਬਾਰ ਦੀ ਪ੍ਰਧਾਨਗੀ ਸ. ਗੁਰਭੇਜ ਸਿੰਘ ਗੁਰਾਇਆ ਅਤੇ ਸੂਬਾ ਬਲਵਿੰਦਰ ਸਿੰਘ ਜੀ ਕਰ ਰਹੇ ਸਨ। ਸ. ਚਰਨਜੀਤ ਸਿੰਘ ਅਤੇ ਪਰਿਵਾਰ ਕਵੀਆਂ ਦਾ ਮਾਨ ਸਨਮਾਨ ਕਰ ਰਿਹਾ ਸੀ। ਦੋ ਘੰਟੇ ਦੇ ਇਸ ਕਵੀ ਦਰਬਾਰ ਵਿੱਚ ਸਹਿਤ ਸਭਾ ਸ੍ਰੀ ਭੈਣੀ ਸਾਹਿਬ ਅਤੇ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੇ ਕਵੀਆਂ ਨੇ ਭਾਗ ਲਿਆ ਕੁਝ ਵਿਸ਼ੇਸ਼ ਕਵੀ ਬਾਹਰੋਂ ਵੀ ਇਸ ਕਵੀ ਦਰਬਾਰ 'ਚ ਕਵਿਤਾ ਪੜ੍ਹਣ ਆਏ ਸਨ।

**13 ਅਕਤੂਬਰ 2024-** ਅੱਜ ਅਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ ਅਤੇ ਸਾਥੀ ਸਰਮੁੱਖ ਸਿੰਘ, ਅਜੈਪਾਲ ਸਿੰਘ, ਸਤਨਾਮ ਸਿੰਘ ਨੇ ਕੀਤਾ। ਸ਼ਬਦ ਸੀ-

-ਮਨਿ ਤਨਿ ਨਾਮ ਜਪਹੁ ਲਿਵ ਲਾਇਨ
-ਹਮ ਕੂਕਰ ਤੇਰੇ ਦਰਬਾਰਿ
-ਮੈ ਬਉਰੀ ਮੇਰਾ ਰਾਮ ਭਤਾਰੁ

**ਦੁਪਹਿਰ ਦੇ ਦੀਵਾਨ-** ਅੱਜ ਦੀਵਾਨ ਦੀ ਆਰੰਭਤਾ ਕਵੀਸ਼ਰ ਨਰਿੰਦਰਪਾਲ ਸਿੰਘ ਨੇ ਕੀਤੀ ਉਪਰੰਤ ਜਥੇ. ਪ੍ਰੀਤਮ ਸਿੰਘ, ਕਵੀ ਮੱਖਣ ਸਿੰਘ, ਕਵੀ ਗੁਰਸੇਵਕ ਸਿੰਘ ਨੇ ਕਵੀਸ਼ਰੀ ਕੀਤੀ। ਅੱਜ "ਪੰਜਵਾ ਸਰਬ ਧਰਮ ਸੰਮੇਲਨ" ਹੈ ਜਿਸ ਦੀ ਰਿਪੋਰਟ ਸ. ਸੁਵਰਨ ਸਿੰਘ ਵਿਰਕ ਜੀ ਨੇ ਲਿਖੀ ਹੇਠ ਦਰਜ਼ ਹੈ।

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਰਬ ਧਰਮ ਸੰਮੇਲਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੋਂ ਆਗਿਆ ਲੈ ਕੇ **ਸੰਤ ਨਿਸ਼ਾਨ ਸਿੰਘ ਕਥਾਵਾਚਕ** ਨੇ ਮੰਚ ਤੇ ਬੋਲਦਿਆਂ ਧਰਮ ਦੇ ਜੋੜਨ ਵਾਲੇ ਸਰੂਪ ਦੀ ਚਰਚਾ ਕੀਤੀ। ਅੱਜ ਦੇ ਸਰਬ ਧਰਮ ਸੰਮੇਲਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਿਆਂ "ਦੇਹੁਰਾ ਮਸੀਤ ਸੋਈ ਪੂਜਾ ਨਿਵਾਜ ਓਈ ਮਾਨਸ ਸਬੈ ਏਕ ਪੇ ਅਨੇਕ ਕੋ ਪ੍ਰਭਾਉ ਹੈ।" "ਏਕੁ ਪਿਤਾ ਏਕਸ ਕੇ ਹਮ ਬਾਰਿਕ" ਇਤਆਦਿਕ ਗੁਰਬਾਣੀ ਪ੍ਰਮਾਣ ਦੇ ਕੇ ਮੰਚ ਸੰਚਾਲਨ ਸ਼ੁਰੂ ਕੀਤਾ।

ਉਪਰੰਤ ਪ੍ਰਸਿੱਧ ਨਾਮਧਾਰੀ ਵਿਦਵਾਨ **ਸੰਤ ਗੁਰੂਬਚਨ ਸਿੰਘ ਨਾਮਧਾਰੀ** ਨੇ ਸਾਂਝੀਵਾਲਤਾ ਨੂੰ ਧਰਮ ਦਾ ਬੁਨਿਆਦੀ ਤੱਤ ਦੱਸਿਆ। ਧਰਮ ਦਾ ਮਕਸਦ ਹੈ ਦੁਨੀਆਂ ਵਿੱਚ ਸੁੱਖ ਸ਼ਾਂਤੀ ਹੋਵੇ। ਇਕੀਵੀਂ ਸਦੀ ਵਿੱਚ ਪਰਮਾਣੂ ਤੇ ਜੈਵਿਕ ਹਥਿਆਰ ਜੋ ਵਿਕਸਿਤ ਹੋ ਚੁੱਕੇ ਹਨ ਇਹ ਦੁਨੀਆਂ ਬਾਰੂਦ ਦੇ ਢੇਰ 'ਤੇ ਬੈਠੀ ਹੈ। ਇਸ ਵੇਲੇ ਕੇਵਲ ਧਰਮ ਦੇ ਸੁਨਹਿਰੀ ਅਸੂਲਾਂ ਤੇ ਚੱਲਦਿਆਂ ਹੀ ਮਨੁੱਖਤਾ ਦੇ ਉੱਜਲ ਭਵਿੱਖ ਦੀ ਜਾਮਨੀ ਦਿੱਤੀ ਜਾ ਸਕਦੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਮੇਂ ਵਿੱਚ ਵੱਖ-ਵੱਖ ਮੱਤ ਮਤਾਂਤਰਾਂ ਨਾਲ ਸੰਵਾਦ ਦਾ ਰਾਹ ਖੋਲ੍ਹ ਕੇ ਉਹਨਾਂ ਨੂੰ ਏਕਤਾ ਦੇ ਸੂਤਰ ਵਿੱਚ ਪਿਰੋਣ ਦਾ ਕਾਰਜ ਕੀਤਾ। ਸ੍ਰੀ ਭੈਣੀ ਸਾਹਿਬ ਦੀ ਇਸ ਤਪੋ ਭੂਮੀ ਤੋਂ 1899 ਈ. ਦੇ ਮਹਾਂ ਦੁਰਭਿੱਖ ਸਮੇਂ ਗੁਰੂ ਹਰੀ ਸਿੰਘ ਜੀ ਨੇ ਹਰ ਭੇਖ ਤੇ ਹਰ ਇਲਾਕੇ ਨੂੰ ਇਥੋਂ ਪਰਸ਼ਾਦਾ ਛਕਾਇਆ। 1947 ਬਟਵਾਰੇ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਲੰਗਰ ਵਿਚੋਂ ਲੁੱਟੇ ਪੁੱਟੇ ਜਾਂਦੇ ਮੁਸਲਮਾਨਾਂ ਲਈ ਲੰਗਰ ਭਿਜਵਾਇਆ ਸੀ। ਧਰਮ ਦਾ ਮਾਨਵਵਾਦੀ ਪ੍ਰਯੋਗ ਇਸ ਧਰਤੀ ਤੇ ਸਤਿਗੁਰੂ ਰਾਮ ਸਿੰਘ ਜੀ ਅਤੇ ਮਗਰਲੇ ਗੁਰੂ ਸਾਹਿਬਾਨਾਂ ਦੀ ਅਗਵਾਈ ਵਿੱਚ ਸਿਰੇ ਚੜ੍ਹਿਆ।

**ਪੰਡਿਤ ਯਾਦਵਿੰਦਰ ਸਿੰਘ-** ਇਸ ਮਹਾਨ ਕਾਰਜ ਕਰਮ ਵਿੱਚ ਦੂਰ ਨੇੜੇ ਤੋਂ ਬੜੀ ਜਗਿਆਸਾ ਨਾਲ ਸਾਧ ਸੰਗਤ ਪਹੁੰਚੀ ਹੈ। ਸੰਪੂਰਨ ਗੁਰਬਾਣੀ ਅਤੇ ਸ਼ਾਸ਼ਤਰ ਨੇ ਵਿਅਕਤੀ ਨੂੰ ਸਮੂਹ ਪ੍ਰਾਣੀਆਂ ਨਾਲ ਪ੍ਰੇਮ, ਸਦਭਾਵ ਦੇ ਹਥਿਆਰ ਦੁਆਰਾ ਪ੍ਰਭੂ ਪ੍ਰਾਪਤੀ ਦਸੀ ਹੈ। ਮਹਾਨ ਲੋਕ ਆਪਣੇ ਬੇਗਾਨੇ ਦੀ ਭਾਵਨਾ ਤੋਂ ਮੁਕਤ ਹੁੰਦੇ ਹਨ। ਦੂਸਰੇ ਨੂੰ ਬੇਗਾਨਾ ਸਮਝਣ ਵਾਲੀ ਭਾਵਨਾ ਤੁੱਛ ਲੋਕਾਂ ਵਿੱਚ ਹੁੰਦੀ ਹੈ। ਧਰਮ ਰਾਹੀਂ ਨਾਂ ਸਿਰਫ ਸਮੂਹ ਵਿਅਕਤੀ ਸਗੋਂ ਸਮੂਹ ਪਸ਼ੂ-ਪੰਛੀਆਂ ਨੂੰ ਵੀ ਆਪਣਾ ਪਰਿਵਾਰ ਸਮਝਿਆ ਜਾਂਦਾ ਹੈ। ਅੱਜ ਦਾ ਸਮਾਗਮ ਇਸੇ ਉਦੇਸ਼ ਲਈ ਹੈ।

**ਸੰਤ ਬਾਬਾ ਅਨਹਦਰਾਜ ਸਿੰਘ ਜੀ**- ਗੁਰਦੁਆਰਾ ਨਾਨਕਸਰ ਸਮਰਾਲਾ ਚੌਂਕ ਦੇ ਸੰਤ ਜਸਵੰਤ ਸਿੰਘ ਜੀ ਦੇ ਅਕਾਲ ਚਲਾਣੇ ਬਾਅਦ ਉਹਨਾਂ ਦੇ ਅਸਥਾਨ ਤੇ ਬਿਰਾਜਮਾਨ ਸੰਤ ਬਾਬਾ ਅਨਹਦਰਾਜ ਸਿੰਘ ਜੀ ਨੇ ਕਿਹਾ-

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਬਾਣੀ ਵਿੱਚ ਨਾਮ ਦੀ ਮਹਿਮਾ ਕੀਤੀ ਗਈ ਹੈ। ਸੰਸਾਰ ਵਿੱਚ ਨਫ਼ਰਤ ਵੈਰ ਵਿਰੋਧ ਆਪਣੇ ਪਰਾਏ ਦੀ ਅੱਗ ਹੈ। ਪ੍ਰਮੇਸ਼ਰ ਦਾ ਨਾਮ ਹੀ ਠੰਢ ਪਾ ਸਕਦਾ ਹੈ। ਪ੍ਰੇਮ ਨਾਂ ਹੋਵੇ ਤਾਂ ਕੁਝ ਵੀ ਸੰਭਵ ਨਹੀਂ। ਨਿਰੰਕਾਰ ਮੁਹੱਬਤ ਤੇ ਹੀ ਨਾਮ ਬਖਸ਼ਦਾ ਹੈ। ਅਸੀਂ ਧੁਰ ਕੀ ਬਾਣੀ ਪੜ੍ਹਦੇ ਹਾਂ ਅਤੇ ਸਤਿ ਕਰਤਾਰ ਦੇ ਜੱਸ ਗਾਉਂਦੇ ਹਾਂ। ਬਾਣੀ ਵਿੱਚ ਦਰਜ ਪੰਦਰਾਂ ਭਗਤ ਵੱਖ-ਵੱਖ ਸਮਿਆਂ ਵਿੱਚ ਪ੍ਰਗਟ ਹੋਏ। ਭਾਸ਼ਾ ਪ੍ਰਾਂਤ ਉਹਨਾਂ ਦੇ ਵੱਖ-ਵੱਖ ਸਨ, ਪਰ ਅਨੁਭਵ ਇਕੋ ਸੀ, ਫਰੀਦ ਜੀ, ਕਬੀਰ ਜੀ, ਰਵੀਦਾਸ ਜੀ, ਨਾਮਦੇਵ ਜੀ ਜਾਂ ਕਿਸੇ ਵੀ ਸਤਿਗੁਰੂ ਸਾਹਿਬਾਨ ਦੀ ਬਾਣੀ ਪੜ੍ਹੀਏ ਤਾਂ ਉਪਦੇਸ਼ ਇਕੋ ਹੀ ਮਿਲਦਾ ਹੈ। ਅਸੀਂ ਕੋਸ਼ਿਸ਼ ਕਰੀਏ ਰਸਨਾ ਨੂੰ ਭਜਨ, ਦੇਹੀ ਨੂੰ ਸੇਵਾ, ਮਨ ਵਿੱਚ ਦਇਆ ਵਸਾ ਕੇ ਹਰ ਇਕ ਵਿਚ ਕਰਤਾਰ ਵੇਖੀਏ। ਦਸਵੇਂ ਪਾਤਸ਼ਾਹ ਦਾ ਫ਼ਰਮਾਨ ਹੈ-

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥

ਇਹ ਪ੍ਰੇਮ ਹਿਰਦੇ ਵਿੱਚ ਆ ਜਾਏ ਤਾਂ "ਇਹ ਲੋਕ ਸੁਖੀਏ ਪ੍ਰਲੋਕ ਸੁਹੇਲੇ" ਹੋ ਜਾਈਦਾ ਹੈ।

**ਸ੍ਰੀ ਵਿਨੈ ਮੁਨੀ-** ਜੈਨ ਸੰਪਰਦਾ ਵਿਚੋਂ ਸ੍ਰੀ ਵਿਨੈ

ਮੁਨੀ ਜੰਮੂ ਦੇ ਨੇੜੇ ਇਕ ਪਿੰਡ ਵਿੱਚ ਪੈਦਾ ਹੋਏ। ਆਪ ਨਿਰੰਤਰ ਮੰਦ ਬੁੱਧੀ ਬੱਚਿਆ ਇਸਤਰੀ ਪੁਰਸ਼ਾਂ ਦੀ ਸੇਵਾ ਕਰਦੇ ਅੱਗੇ ਵੱਧ ਰਹੇ ਹਨ।

ਸ੍ਰੀ ਵਿਨੈ ਮੁਨੀ ਜੀ ਨੇ ਬੋਲਦਿਆ-

ਅਗਰ ਪ੍ਰੀਤਮ ਕੋ ਪਾਨਾ ਹੈ, ਤੋ ਮਨ ਮੰਦਿਰ ਸਜਾ ਪਹਿਲੇ।
ਖ਼ੁਦਾ ਖੁਦ ਆਏਗਾ ਚਲ ਕਰ, ਖ਼ੁਦੀ ਕੋ ਤੋ ਮਿਟਾ ਪਹਿਲੇ।
ਬਹੁਤ ਪੂਜਾ ਬਹੁਤ ਹਵਨ ਕੀਤੇ-
ਮਗਰ ਉਸਕੇ ਬੰਦੋਂ ਸੇ ਸਦਾ ਨਫਰਤ ਕੀ ਤੁਮਨੇ।
ਤੂੰ ਆਪਨੇ ਆਪ ਕੋ ਜ਼ਰਾ ਬੰਦਾ ਬਨਾ ਪਹਿਲੇ।
ਅਗਰ ਉਸਕੋ ਪਾਨਾ ਹੈ, ਲਗਨ ਸੱਚੀ ਲਗਾ ਪਹਿਲੇ।
ਕਸਰ ਹੈ ਤੇਰੀ ਆਂਖੋਂ ਮੇਂ, ਨਾ ਦਿਸਨੇ ਮੇਂ ਉਸਕੇ ਕੋਈ,
ਵੋ ਦਿਖਤਾ ਹੈ ਅਗਰ ਐਸੀ ਨਿਗ੍ਹਾ ਪੈਦਾ ਕਰ ਕੋਈ।

ਅੱਜ ਇਸ ਪਾਕ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਜਿਥੇ ਪਿਤਾ ਜੱਸਾ ਸਿੰਘ ਤੇ ਮਾਂ ਸਦਾ ਕੌਰ ਨੇ ਇਕ ਸੁਤੰਤਰਤਾ ਸੰਗਰਾਮੀ ਜਣਿਆ ਜਿਸ ਨੇ ਪ੍ਰਾਣੀ ਮਾਤਰ ਦੀ ਰਾਖੀ ਕੀਤੀ। ਮੈਂ ਉਸ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੰਦਨ ਕਰ ਰਹਾ ਹਾਂ।

ਬੁਲਿਆ ਰੱਬ ਤੈਥੋਂ ਵਖ ਨਹੀਂ
ਪਰ ਤੇਰੀ ਵੇਖਣ ਵਾਲੀ ਅੱਖ ਨਹੀਂ।
ਜੇ ਵੇਖਣ ਵਾਲੀ ਅੱਖ ਨਹੀਂ ਤਾਂ
ਤੇਰੇ ਪੱਲੇ ਕੱਖ ਨਹੀਂ।

ਆਜ ਹਮਾਰੀ ਦ੍ਰਿਸ਼ਟੀ ਐਸੀ ਹੈ ਕਿ ਹਮ ਗੁਰੂਓਂ ਕੋ ਮਾਨਤੇ ਹੈ ਪਰ ਉਨ ਕੀ ਸਿਖਿਆ ਕੋ ਨਹੀਂ ਮਾਨਤੇ।

ਮੈਂ ਸਤਿਗੁਰੂ ਜੀ ਕੋ ਹਿਰਦੇ ਕੀ ਗਹਿਰਾਇਓਂ ਸੇ ਬਧਾਈ ਦੇਤਾ ਹੂੰ ਕਿ ਐਸੇ ਸੰਮੇਲਨੋਂ ਕੀ ਅਤਿ ਅਵਿਸ਼ਕਤਾ ਹੈ ਤਾਂ ਕਿ ਦੁਨੀਆਂ ਮੇਂ ਪ੍ਰੇਮ ਸ਼ਾਂਤੀ ਔਰ ਮੈਤਰੀ ਕਾ ਰਾਜ ਹੋ। ਜਬ ਤਕ ਜਾਤ ਪਾਤ ਕਾ ਬੰਧਨ ਨਾ ਟੂਟੇਗਾ, ਇਸ ਦੇਸ਼ ਕੋ ਕਭੀ ਕੋਈ, ਕਭੀ ਕੋਈ ਲੂਟੇਗਾ।

ਤੇਰੇ ਦਰ ਤੇ ਆਕੇ ਸਤਿਗੁਰੂ ਜੀ,
ਕੁਛ ਯਾਦ ਸਾਨੂੰ ਰਹਿੰਦਾ ਨਹੀਂ।
ਇਸ ਮਨ ਨੂੰ ਟਿਕਾਣਾ ਮਿਲ ਜਾਂਦਾ
ਜਿਹੜਾ ਇਕ ਥਾਂ ਟਿਕ ਕੇ ਬਹਿੰਦਾ ਨਹੀਂ।
ਤੁਸਾਂ ਸਵਰਗ ਬਣਾਇਆ ਧਰਤੀ ਤੇ
ਜੀਹਦੀ ਜੱਗ ਵਿੱਚ ਕੋਈ ਮਿਸਾਲ ਨਹੀਂ।
ਜਿਥੇ ਊਚ ਨੀਚ ਤੇ ਜਾਂਤਾਂ ਦਾ
ਉਠਦਾ ਕੋਈ ਸੁਆਲੇ ਨਹੀਂ।
ਤੇਰੇ ਨੂਰੀ ਸੋਹਣੇ ਮੁੱਖੜੇ ਨੂੰ,
ਜਿਹੜਾ ਇਕ ਵਾਰੀ ਤੱਕ ਲੈਂਦਾ,
ਉਹ ਤੱਕਦਾ ਤੱਕਦਾ ਥਕਦਾ ਨਹੀਂ,
ਉਹ ਅੱਖ ਵੀ ਝਮਕਣਾ ਭੁੱਲ ਜਾਂਦਾ।

ਆਓ ਸਾਰੇ ਪ੍ਰੇਮ ਦਾ ਬੇਗ਼ਮ ਪੁਰਾ ਵਸਾਈਏ।

**ਮਹੰਤ ਪ੍ਰਵੀਨ ਚੌਧਰੀ-** ਨਾਥ ਸੰਪ੍ਰਦਾਇ ਮਾਤਾ ਬਗਲਾ ਮੁਖੀ ਮੰਦਿਰ ਦੇ ਮੁੱਖ ਸੇਵਾਦਾਰ- ਸਾਰੇ ਸੰਤ ਜਨਾਂ ਨੂੰ ਮੇਰੀ ਕੋਟਿ-ਕੋਟਿ ਪ੍ਰਣਾਮ ਹੈ। ਮੈਂ ਬਚਪਨ ਤੋਂ ਭੈਣੀ ਸਾਹਿਬ ਆ ਰਿਹਾ ਹਾਂ, ਇਸ ਸਥਾਨ ਨਾਲ ਮੇਰਾ ਬੜਾ ਲਗਾਉ ਹੈ। ਗਊ ਤੇ ਗਰੀਬ ਦੀ ਰੱਖਿਆ ਲਈ ਜੋ ਕੁਰਬਾਨੀਆਂ ਕੂਕਿਆਂ ਨੇ ਦਿੱਤੀਆਂ ਹਨ ਉਹ ਸਨਾਤਨ ਪਰਪੰਰਾ ਦੀ ਹੀ ਰੱਖਿਆ ਲਈ ਕੀਤੀਆਂ ਹਨ। ਇਸ ਅਸਥਾਨ ਤੋਂ ਅਸੀਂ ਕੁਝ ਸਿੱਖਣ ਲਈ ਆਉਂਦੇ ਹਾਂ। ਗਊ ਰੱਖਿਆ, ਵਿਸ਼ਵ ਸ਼ਾਂਤੀ ਲਈ ਇਸ ਅਸਥਾਨ ਤੇ ਬੜੇ ਵੱਡੇ ਹਵਨ ਯੱਗ ਹੋਏ। ਕੁਝ ਸ਼ਕਤੀਆਂ ਸਾਨੂੰ ਪੰਥ ਅਤੇ ਧਰਮ ਵਿੱਚ ਵੰਡਣ ਦਾ ਯਤਨ ਕਰਦੀਆਂ ਹਨ ਪਰ ਇਸ ਅਸਥਾਨ ਤੇ ਅਜਿਹਾ ਨਹੀਂ ਹੁੰਦਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਡੇ ਪ੍ਰੇਰਣਾ ਸਰੋਤ ਹਨ। ਇਸ ਜਗ੍ਹਾ ਤੋਂ ਸਾਨੂੰ ਭਾਈਚਾਰਕ ਸਾਂਝ ਦੀ ਵੀ ਸਿੱਖਿਆ ਮਿਲਦੀ ਹੈ। ਮੈਂ ਸਤਿਗੁਰੂ ਜੀ ਦਾ ਰਿਣੀ ਹਾਂ ਜੋ ਅਜੇਹੇ ਸਮਾਗਮ ਕਰਵਾ ਰਹੇ ਹਨ।

**ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ-** ਸਿੱਖ ਪੰਥ ਦੀ ਮਾਇਆ ਨਾਜ਼ ਹਸਤੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ- ਦਾਸ 1974 ਤੋਂ ਇਸ ਸੰਸਥਾ ਨਾਲ ਜੁੜਿਆ ਹੈ। ਇਸ ਅਸਥਾਨ ਤੇ ਸੰਗਤਾਂ ਦੇ ਦੀਦਾਰ ਕਰਕੇ ਖੁਸ਼ੀ ਹੋ ਰਹੀ ਹੈ।

-ਕਹੁ ਕਬੀਰ ਹਮ ਰਾਮ ਕੀ ਅੰਸ

-ਏਕ ਪਿਤਾ ਏਕਸ ਕੇ ਹਮ ਬਾਰਿਕ

-ਸਾਰੇ ਧਰਮ ਸਤਿਕਾਰਯੋਗ ਹਨ, ਸਾਰੇ ਧਰਮ ਗ੍ਰੰਥ ਸਤਿਕਾਰ ਯੋਗ ਹਨ।

U.S.A. ਦੇ ਇਕ Thinker ਨੇ ਬੜੀ ਚੰਗੀ ਗੱਲ ਕਹੀ ਹੈ ਕਿ ਜੇ ਸਾਰੇ ਵਿਸ਼ਵ ਵਿੱਚ ਇਕ ਧਰਮ ਬਨਾਉਣ ਦੀ ਸੋਚ ਸੋਚੀ ਜਾਵੇ ਤਾਂ ਉਹ ਧਰਮ ਸ੍ਰੀ ਗੁਰੂ ਨਾਨਕ ਜੀ ਦਾ ਹੋਵੇਗਾ।

ਸੀਤਾ ਰਾਮ ਬਾਹਰੀ ਕਹਿੰਦਾ ਹੈ ਜਿ ਕੇ ਸਾਰੇ ਸੰਸਾਰ ਦੀ ਇਕ ਭਾਸ਼ਾ ਬਨਾਉਣੀ ਹੋਵੇ ਤਾਂ ਉਹ ਭਾਸ਼ਾ ਗੁਰੂ ਅਰਜਨ ਸਾਹਿਬ ਦੁਆਰਾ ਰਚਿਤ ਸੁਖਮਨੀ ਸਾਹਿਬ ਦੀ ਭਾਸ਼ਾ ਹੈ। ਗੁਰੂ ਗ੍ਰੰਥ ਸਾਹਿਬ ਸਿੱਧਾ ਪ੍ਰਮਾਤਮਾ ਨਾਲ ਗੱਲਾਂ

ਕਰਾਂਉਂਦਾ ਹੈ। ਨਾਮਧਾਰੀ ਸੰਪ੍ਰਦਾਇ ਦੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਬਹੁਤ ਹੀ ਮਹੱਤਵਪੂਰਨ ਹਨ।

**ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ–** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਿਜ਼ ਬਾਬਾ ਸਰਬਜੋਤ ਸਿੰਘ ਜੀ ਬੇਦੀ ਹੋਰਾਂ ਆਰੰਭ ਵਿੱਚ ਮੂਲ ਮੰਤਰ ਦਾ ਪਾਠ ਕੀਤਾ।

ਜੇ ਹਉ ਜਾਣਾ ਆਖਾ ਨਾਹੀ ਕਹਿਣਾ ਕਥਨ ਨ ਜਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ॥

ਨਾਮਧਾਰੀ ਸੰਪ੍ਰਦਾਇ ਦਾ ਇਹ ਉਪਰਾਲਾ ਅਜੋਕੇ ਸਮੇਂ ਵਿੱਚ ਬਹੁਤ ਸਾਰਥਿਕ ਹੈ। ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖਤਾ ਨੂੰ ਪ੍ਰੇਮ ਦੇ ਸੂਤਰ ਵਿੱਚ ਪਰੋਇਆ। ਗੁਰਬਾਣੀ ਨੇ ਮਨੁੱਖ ਨੂੰ 84 ਲੱਖ ਜੂਨਾਂ ਦੀ ਸਰਦਾਰੀ ਦਿੱਤੀ।

ਅਵਰ ਜੋਨ ਤੇਰੀ ਪਨਿਹਾਰੀ॥
ਇਸ ਧਰਤੀ ਮਹਿ ਤੇਰੀ ਸਿਕਦਾਰੀ॥

ਗੁਰੂ ਸਾਹਿਬਾਂ ਨੇ ਅੰਦਰ ਦੀ ਮੈਲ ਧੋਣ ਦਾ ਹੁਕਮ ਕੀਤਾ। ਬਾਣੀ ਦਾ ਸਾਰ ਇਹੋ ਹੈ–

ਨਾਨਕੁ ਨਾਮੁ ਮਿਲੈ ਤਾ ਜੀਵਾ
ਤਨੁ ਮਨੁ ਥੀਵੈ ਹਰਿਆ॥

ਨਾਮਧਾਰੀ ਸੰਪ੍ਰਦਾਇ ਦਾ ਜੀਵਨ ਆਚਰਣ ਤੌਰ 'ਤੇ ਬਹੁਤ ਉਚਾ ਹੈ। ਸਾਰੀ ਗੁਰਬਾਣੀ ਮਨੁੱਖ ਮਾਤਰ ਦੇ ਭਲੇ ਲਈ ਉਪਦੇਸ਼ ਹੈ।

ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਮਛੁਲੀ ਨੀਰ॥

ਮਛਲੀ ਪਹਿਲਾਂ ਪਾਣੀ ਵਿੱਚ ਰਹਿੰਦੀ ਹੈ, ਫਿਰ ਮਰ ਕੇ ਜਿਸ ਮਨੁੱਖ ਦਾ ਭੋਜਨ ਬਣਦੀ ਹੈ ਉਥੇ ਵੀ ਉਹ ਹਾਇ ਪਾਣੀ, ਹਾਇ ਪਾਣੀ ਕਰਦੀ ਹੈ। ਅੱਜ ਦੀ ਇਸ ਇਕੱਤਰਤਾ ਵਿੱਚ ਆਪਸੀ ਪ੍ਰੇਮ ਪਿਆਰ ਦਾ ਜੋ ਸੰਦੇਸ਼ ਦਿੱਤਾ ਗਿਆ ਹੈ, ਉਹ ਅਤਿ ਲੋੜੀਦਾ ਹੈ।

ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਹਲੀਮੀ ਰਾਜ ਦੀ ਸਥਾਪਨਾ ਵੱਲ ਵਧੀਏ। ਨਾਮਧਾਰੀਓ ਤੁਸੀਂ ਗੁਰੂ ਨਾਨਕ ਫੁਲਵਾੜੀ ਦੇ ਟਹਿਕਦੇ ਫੁੱਲ ਹੋ ਅਤੇ ਵੱਡੀਆਂ ਪਰਪੰਰਵਾ, ਰਾਗ-ਸੰਗੀਤ, ਗੁਰਬਾਣੀ, ਸੇਵਾ-ਸਿਮਰਨ ਦੇ ਧਾਰਨੀ ਹੋ। ਗੁਰੂ ਨਾਨਕ ਪਾਤਸ਼ਾਹ ਦੀ ਜੀਵਨ ਜਾਂਚ ਜੋ ਬਾਣੀ ਵਿੱਚ ਦਰਜ ਹੈ, ਜੋ ਪਰੰਪਰਾਵਾਂ ਹਨ ਉਹ ਤੁਸਾਂ ਨਾਮਧਾਰੀਆਂ ਨੇ ਸਾਂਭੀਆਂ ਹਨ।

ਜਿਸ ਧਰਤੀ ਤੇ ਸਾਡੇ ਪਿਓ ਦਾਦਿਆਂ ਦਾ ਖ਼ੂਨ ਡੁੱਲ੍ਹਿਆ ਹੈ, ਅੱਜ ਉਹਨੂੰ ਛੱਡ ਕੇ ਵਿਦੇਸ਼ਾਂ ਨੂੰ ਕਿਉਂ ਜਾ ਰਹੇ ਹਾਂ।

**ਸ੍ਰੀ ਕੇਸ਼ੋ ਮੁਰਾਰੀ ਦਾਸ ਜੀ–** ਸ੍ਰੀ ਕ੍ਰਿਸ਼ਨ ਭਗਵਾਨ ਦੀ ਚੇਤਨਾ ਦਾ ਪ੍ਰਚਾਰ ਕਰ ਰਹੀ ਸੰਸਥਾ ਇਸਕੌਨ ਦਿੱਲੀ ਤੋਂ ਆਏ ਸ੍ਰੀ ਕੇਸ਼ੋ ਮੁਰਾਰੀ ਦਾਸ ਜੀ ਨੇ ਸੰਗਤ ਦੀ ਸ਼ਾਂਤੀ ਨੂੰ ਸਰਾਹਿਆ ਅਤੇ ਸਤਿਗੁਰੂ ਜੀ ਤੇ ਮਹਾਂ ਮੁਰਖਾਂ ਨੂੰ ਪ੍ਰਣਾਮ ਕੀਤੀ।

ਸਾਰੇ ਗੁਰੂ ਜਨ ਇਹੀ ਚਾਹੁੰਦੇ ਹਨ ਕਿ ਸਭ ਲੋਕ ਬੰਦਗੀ ਕਰਨ ਅਤੇ ਗੰਦਗੀ ਨੂੰ ਨਾ ਫੈਲਾਉਣ। ਧਰਮ ਤਾਂ ਪ੍ਰੇਮ ਸਿਖਾਉਂਦਾ ਹੈ ਫਿਰ ਧਰਮੀ ਕਹਾਉਣ ਵਾਲੇ ਕੁਝ ਬੰਦੇ ਹੀ ਧਰਤੀ ਤੇ ਅਸ਼ਾਂਤੀ ਕਿਉਂ ਫੈਲਾਉਂਦੇ ਹਨ?

ਦਿਸਦੀ ਦੁਨੀਆਂ ਅੰਦਰ ਪਹਿਲਾਂ ਘਰ ਪਰਿਵਾਰ ਦੇ ਝਗੜੇ ਫਿਰ ਸਮਾਜ ਦੇ ਝਗੜੇ ਫਿਰ ਇਕ ਦੇਸ਼ ਦੇ ਦੂਜੇ ਦੇਸ਼ ਨਾਲ ਝਗੜੇ ਇਹੀ ਤਾਂ ਕਲਿਯੁਗ ਹੈ।

ਬਾਈਬਲ ਦੇ ਦਸ ਹੁਕਮਾਂ ਵਿਚੋਂ ਇਕ ਹੁਕਮ ਹੈ। ਭੇਦਭਾਵ ਕਿਤੇ ਨਹੀਂ ਸਿਰਫ਼ ਸਾਡੀ ਸਮਝ ਵਿੱਚ ਹੈ। ਸੂਰਜ ਇਕ ਹੈ ਨਾਮ ਅਨੇਕ ਹਨ। ਭਗਵਾਨ ਇਕ ਹੈ ਨਾਮ ਅਨੇਕ ਹਨ। ਦੋ-ਦੋ ਹਰ ਜਗ੍ਹਾ ਚਾਰ ਹੁੰਦਾ ਹੈ, ਪਰ ਬੋਲਣ ਦੇ ਢੰਗ ਵੱਖ-ਵੱਖ ਹਨ। ਅਸੀਂ ਸਰਟੀਫੀਕੇਟ ਵੰਡਦੇ ਹਾਂ, ਕੌਣ ਸੁਰਗ ਜਾਏਗਾ ਕੌਣ ਨਰਕ। ਜੇ ਗੁਰੂ ਲੋਕਾਂ ਨੂੰ ਜੰਮਣ ਮਰਨ ਦੇ ਚੱਕਰ ਵਿਚੋਂ ਨਹੀਂ ਕੱਢੇਗਾ ਤਾਂ ਐਸਾ ਗੁਰੂ ਵੀ ਨਰਕਾਂ ਦਾ ਭਾਗੀ ਹੋਏਗਾ। ਸ਼ਾਸ਼ਤਰਾਂ ਦਾ ਸੂਤਰ ਹੈ "ਵਸੁਦੇਵ ਕੁਟੰਬਕਮ" ਭਾਵ ਸਾਰਾ ਸੰਸਾਰ ਇਕ ਕੁਟੰਬ ਹੈ, ਅਸੀਂ ਸਭ ਤਾਂ ਭੈਣ ਭਰਾ ਹਾਂ, ਫਿਰ ਝਗੜਾ ਕਾਹਦਾ ਹੈ। ਸਾਰੇ ਸੰਸਾਰ ਦਾ ਇਕ ਹੀ ਪਿਉ ਹੈ। ਬਾਈਬਲ, ਕੁਰਾਨ, ਭਾਗਵਤ ਪੁਰਾਣ ਸਭ ਕਹਿੰਦੇ ਹਨ ਕਿ ਇਕ ਜਾਨ ਤੋਂ ਹੀ ਦੋ ਜਾਨਾਂ ਆਈਆਂ ਸਨ। ਜੇ ਸਭ ਕੁਝ ਪ੍ਰਭੂ ਦਾ ਹੈ ਤਾਂ ਫਿਰ ਈਰਖਾ ਤੇ ਝਗੜੇ ਕਿਉਂ। ਸਾਰੇ ਪ੍ਰੇਮ ਨਾਲ ਜੀਵੀਏ। ਹਰੇ ਕ੍ਰਿਸ਼ਨਾ।

**ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ–** ਇਹ ਪਰਿਵਾਰ ਮੌਲਾਨਾ ਹਬੀਬੁਲ ਰਹਿਮਾਨ ਦਾ ਪਰਿਵਾਰ ਹੈ ਜੋ ਸੁਤੰਤਰਤਾ ਸੰਗਰਾਮੀਆ ਦਾ ਪਰਿਵਾਰ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਫੈਜ਼ਯਬ ਹਨ।

ਅੱਜ ਬਹੁਤ ਵੱਡਾ ਤੇ ਇਤਿਹਾਸਕ ਦਿਨ ਹੈ, ਅਸੀਂ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੀ ਇਤਿਹਾਸਿਕ ਧਰਤੀ ਤੇ ਇਕੱਠੇ ਹੋਏ। ਬਲੀਏਵਾਲ ਤੋਂ ਮੌਲਾਨਾ ਸ਼ਾਹ ਅਬਦੁਲੇ ਕਾਦਰੀ- ਪਹਿਲਾ ਯੋਧੇ ਸੀ ਜੋ 1857 ਵਿੱਚ ਅੰਗਰੇਜ਼ਾਂ ਵਿਰੁੱਧ ਲੜਿਆ ਸੀ। ਉਸ ਯੋਧੇ ਨੇ ਜਦੋਂ ਇਹ ਲੜਾਈ ਜੋਰਾਂ ਤੇ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਸਹਿਯੋਗ ਲਿਆ। ਉਹਨਾਂ ਦੀ ਨਸਲ ਵਿੱਚ ਮੌਲਾਨਾ ਹਬੀਬੁਲ ਰਹਿਮਾਨ ਜੀ ਹੋਏ ਜਿਨ੍ਹਾਂ ਨੇ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਿੰਦੂ-ਮੁਸਲਿਮ

ਏਕਤਾ ਸੰਮੇਲਨ ਕਰਵਾਇਆ ਤਾਂ ਉਸ ਵਿੱਚ ਭਾਗ ਲਿਆ। ਸ੍ਰੀ ਭੈਣੀ ਸਾਹਿਬ, ਮਾਛੀਵਾੜਾ ਪੰਜਾਬ ਦੀ ਉਹ ਧਰਤੀ ਹੈ, ਜਿਥੇ ਮਨੁੱਖੀ ਏਕਤਾ ਦਾ ਸੰਦੇਸ਼ ਦਿੱਤਾ ਗਿਆ। ਇਹ ਨਬੀ ਖਾਂ, ਗਨੀ ਖਾਂ ਅਤੇ ਪੀਰ ਬੁੱਧੂ ਸ਼ਾਹ ਸਢੌਰਾ ਦੀ ਧਰਤੀ ਹੈ। ਹਜ਼ਰਤ ਮੁਹੰਮਦ ਸਾਹਿਬ ਦਾ ਇਹ ਪੈਗਾਮ ਹੈ ਕਿ ਇਕ ਰਸੂਲ, ਇਕ ਰੱਬ ਦਾ ਕਹਿਣਾ ਮੰਨੀਏ ਅਤੇ ਜਿਹੜਾ ਇੰਜ ਕਰਦਾ ਹੈ, ਉਹ ਸਾਰੀ ਦੁਨੀਆਂ ਦੇ ਸਾਰੇ ਮਨੁੱਖਾਂ ਨੂੰ ਬਰਾਬਰ ਸਮਝੇ। ਸਰਬ ਧਰਮ ਸੰਮੇਲਨ ਦਾ ਸੁਨੇਹਾ ਹੈ ਕਿ ਦੁਨੀਆਂ ਵਿਚੋਂ ਨਫਰਤ ਖ਼ਤਮ ਹੋਵੇ। ਇਬਾਦਤ ਦਾ ਮਤਲਬ ਹੈ ਕਿ ਦਿਲ ਵਿਚੋਂ ਬੁਰਾਈ ਖ਼ਤਮ ਹੋਵੇ।

ਨਮਾਜ਼ ਵੀ ਕਰੀ ਜਾਂਦੇਓ। ਠੱਗੀ ਕਰੀ ਜਾਂਦੇਓ। ਉਹ ਆਂਹ ਕੀ ਕਰੀ ਜਾਂਦੇਓ।

ਸਾਨੂੰ ਮਰਿਆਦਾ ਦਾ ਪਤਾ ਨਹੀਂ ਪਰ ਮਰਿਆਦਾ ਲਈ ਲੜਨ ਲਈ ਤਿਆਰ ਹੋ ਜਾਂਦੇ ਹਾਂ।

ਅੱਜ ਦਾ ਸੱਚ ਇਹ ਹੈ ਕਿ ਪਹਿਲਾਂ ਆਪਣੇ ਘਰ ਵੱਲ ਵੇਖੀਏ। ਜੇ ਨਮਾਜ਼ ਪੜ੍ਹਦੇ ਹੋ ਪਰ ਆਪਣੇ ਪਿਉ ਨੂੰ ਜੱਫੀ ਨਹੀਂ ਪਾਉਂਦੇ। ਕਦੇ ਮਾਂ-ਪਿਉ ਦੀ ਸੇਵਾ ਕੀਤੀ ਹੈ? ਨਹੀਂ ਤਾਂ ਜਿਸ ਤੇ ਮਾਂ- ਪਿਉ ਰਾਜ਼ੀ ਨਹੀਂ ਉਸ ਤੇ ਕਦੇ ਖੁਦਾ ਰਾਜ਼ੀ ਨਹੀਂ ਹੋ ਸਕਦਾ। ਧਰਮ ਸਾਨੂੰ ਬੰਦੇ ਦਾ ਪੁੱਤ ਬਨਾਉਣ ਲਈ ਸੀ। ਜੇ ਸੂਬਾ ਸਰਹਿੰਦ ਨੇ ਗਲਤੀ ਕੀਤੀ ਤਾਂ ਹਾਅ ਦਾ ਨਾਅਰਾ ਨਵਾਬ ਮਲੇਰਕੋਟਲਾ ਨੇ ਮਾਰਿਆ। ਬੰਦਿਆਂ ਨੂੰ ਕਦੇ ਵੀ ਰੰਗ ਨਸਲ ਵਿੱਚ ਨਾਂ ਵੰਡਣਾ।

**ਬਾਬਾ ਰਜਿੰਦਰ ਸਿੰਘ ਜੀ-** ਜਿਹਨਾਂ ਦਾ ਨਾਮ ਪੇਸ਼ ਹੋਣ ਤੇ ਸੰਗਤ ਵੱਲੋਂ ਭਰਪੂਰ ਤਾਲੀਆਂ ਨਾਲ ਨਿਵਾਜਿਆ ਗਿਆ। ਇਹਨਾਂ ਦੇ ਸਤ ਦੇਸ਼ਾਂ ਵਿੱਚ 3000 ਸੈਂਟਰ ਆਪ ਦੇ ਮਨੁੱਖਤਾ ਦੀ ਸੇਵਾ ਲਈ ਹਨ। ਸੰਤ ਰਜਿੰਦਰ ਸਿੰਘ ਜੀ ਮਹਾਰਾਜ ਸਾਵਨ ਕਿਰਪਾਲ ਰੂਹਾਨੀ ਮਿਸ਼ਨ-

ਸ੍ਰੀ ਭੈਣੀ ਸਾਹਿਬ ਆ ਕੇ ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਬਹੁਤ ਸਮੇਂ ਤੋਂ ਇਥੇ ਆਉਣਾ ਚਾਹੁੰਦਾ ਸਾਂ।

ਧਰਮ ਹੈ ਕੀ? ਇਸ ਨੂੰ ਸਮਝਣਾ ਆਸਾਨ ਨਹੀਂ। ਹਰ ਧਰਮ ਕਹਿੰਦਾ ਹੈ ਕਿ ਜ਼ਿੰਦਗੀ ਦਾ ਮਕਸਦ ਕੀ ਹੈ? ਇਹ ਹੈ ਆਪਣੇ ਆਪ ਨੂੰ ਜਾਨਣਾ ਤੇ ਰੱਬ ਨੂੰ ਪਾਉਣਾ। ਅਸੀਂ ਲੋਕ ਆਪਣੇ-ਆਪਣੇ ਤਰੀਕਿਆਂ ਨਾਲ ਆਪੋ-ਆਪਣੇ ਢੰਗ ਨਾਲ ਮੰਨਦੇ ਹਾਂ। ਮਹਾਂਪੁਰਖ ਆਪਣੀ ਅੰਦਰੂਨੀ ਦੁਨੀਆਂ ਦਾ ਸਾਨੂੰ ਅਨੁਭਵ ਕਰਾਉਂਦੇ ਹਨ। ਪਰ ਅਸੀਂ ਤਾਂ ਬਾਹਰ ਦੀ ਦੁਨੀਆਂ ਵਿੱਚ ਭਟਕਦੇ ਹਾਂ। ਰੱਬ ਸਾਥੋਂ ਦੂਰ ਨਹੀਂ। ਸਾਡਾ ਅਸਲੀ ਰੂਪ ਸਰੀਰਕ ਨਹੀਂ ਆਤਮਿਕ ਹੈ। ਅਸੀਂ ਇਕ ਆਤਮਾ ਹਾਂ ਜਿਸ ਦਾ ਸਰੀਰ ਵਿੱਚ ਕੁਝ ਸਮੇਂ ਲਈ ਨਿਵਾਸ ਹੈ। ਧਿਆਨ ਕੇਂਦਰਿਤ ਕਰਕੇ ਹੀ ਅਸੀਂ ਅੰਦਰ ਦੀ ਦੁਨੀਆਂ ਦੇ ਜਾਣੂ ਹੁੰਦੇ ਹਾਂ। ਅੰਦਰ ਦੀ ਯਾਤਰਾ ਖੂਬਸੂਰਤ ਯਾਤਰਾ ਹੈ, ਇਹ ਰੱਬ ਨਾਲ ਮਿਲਣ ਦੀ ਯਾਤਰਾ ਹੈ। ਪਰ ਕਈ ਵੇਰ ਆਤਮਾ ਤੇ ਮੋਹ ਮਾਇਆ ਦੇ ਪਰਦੇ ਪਏ ਹੁੰਦੇ ਹਨ। ਆਪਣੇ-ਆਪ ਨੂੰ ਜਾਨਣਾ ਅੰਦਰ ਦੀ ਦੁਨੀਆਂ ਨੂੰ ਜਾਨਣਾ ਹੈ। ਜਿਵੇਂ ਅਪਰੇਸ਼ਨ ਮੇਜ਼ ਤੇ ਪਏ ਵਿਅਕਤੀ ਨੂੰ ਮਹਿਸੂਸ ਹੋਵੇ ਕਿ ਉਹ ਇਸ ਸਰੀਰ ਵਿਚੋਂ ਉੱਪਰ ਉੱਠ ਰਿਹਾ ਹੈ। ਭਜਨ ਅਭਿਆਸ ਨਾਲ ਅਸੀਂ ਇਸ ਅਵਸਥਾ ਤੋਂ ਅੱਗੇ ਜਾ ਸਕਦੇ ਹਾਂ। Knowledge ਪੜ੍ਹਿਆਂ, ਲਿਖਿਆਂ ਆਉਂਦੀ ਹੈ। Wisdom ਸਾਨੂੰ ਅਨੁਭਵ ਦੁਆਰਾ ਮਿਲਦੀ ਹੈ। ਪ੍ਰਭੂ ਸਿਮਰਨ ਨਾਲ ਹੀ ਅਸੀਂ ਉਸ ਪ੍ਰਭੂ ਨਾਲ ਏਕਾਕਾਰ ਹੋ ਜਾਂਦੇ ਹਾਂ। ਜਦੋਂ ਅਸੀਂ ਆਪਣੇ ਅੰਦਰ ਪ੍ਰਭੂ ਦੀ ਜੋਤਿ ਮਹਿਸੂਸ ਕਰਦੇ ਹਾਂ ਤੇ ਫਿਰ ਦੂਜਿਆਂ ਦੇ ਅੰਦਰ ਵੀ ਅਸੀਂ ਇਹੋ ਜੋਤ ਮਹਿਸੂਸ ਕਰਦੇ ਹਾਂ। ਸਾਰੇ ਧਰਮ ਗ੍ਰੰਥ ਇਹੋ ਕਹਿੰਦੇ ਹਨ ਕਿ ਅਸੀਂ ਸਭ ਇਕ ਪ੍ਰਮਾਤਮਾ ਦੀ ਸੰਤਾਨ ਹਾਂ। ਮੈਂ ਦੁਨੀਆਂ ਭਰ ਦੇ ਸਾਧੂ ਸੰਤਾਂ ਭਿੱਖੂਆਂ ਨੂੰ ਮਿਲਦਾ ਰਹਿੰਦਾ ਹਾਂ, ਉਹ ਸਾਰੇ ਵੀ ਧਿਆਨ ਧਰਨ ਦੇ ਭਾਰਤੀ ਤਰੀਕਿਆਂ ਬਾਰੇ ਜਾਨਣਾ ਚਾਹੁੰਦੇ ਹਾਂ। ਜਦੋਂ ਅਸੀਂ ਸਮਝ ਲਈਏ ਕਿ ਰੱਬ ਸਾਡੇ ਨਾਲ ਹੈ ਤਾਂ ਸਾਡੇ ਬਹੁਤ ਸਾਰੇ ਫ਼ਿਕਰ-ਫਾਂਕੇ ਮੁੱਕ ਜਾਂਦੇ ਹਨ। ਰੱਬ ਦਾ ਸਾਨੂੰ ਹਰ ਪਲ ਸ਼ੁਕਰ-ਏ-ਅਦਾ ਕਰਨਾ ਚਾਹੀਦਾ ਹੈ। ਸਾਨੂੰ ਸਮਝ ਆ ਜਾਵੇ ਕਿ ਰੱਬ ਸਾਡਾ ਰਖਵਾਲਾ ਹੈ। ਇੰਝ ਜ਼ਿੰਦਗੀ ਗੁਜ਼ਾਰਾਂਗੇ ਤਾਂ ਰੱਬ ਨੂੰ ਪਾ ਲਵਾਂਗੇ।

**ਉਪਦੇਸ਼- ਸ੍ਰੀ ਸਤਿਗੁਰੂ ਉਦੇ ਸਿੰਘ ਜੀ-** ਮਹਾਰਾਜ ਰਜਿੰਦਰ ਸਿੰਘ ਜੀ, ਮੈਂ ਦਰਸ਼ਨ ਦੇਣ ਲਈ ਤੁਹਾਡਾ ਧੰਨਵਾਦੀ ਹਾਂ। ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਬਾਬਾ ਸਰਬਜੋਤ ਸਿੰਘ ਜੀ ਬੇਦੀ (ਮੈਂ ਚਾਲੀ ਸਾਲ ਪਹਿਲੇ ਤੁਹਾਡੇ ਚੇਨਈ ਦਰਸ਼ਨ ਕੀਤੇ ਸਨ।) ਅਤੇ ਹੋਰ ਆਏ ਹੋਏ ਵੱਖ-ਵੱਖ ਧਰਮਾਂ ਦੇ ਸਮੂਹ ਗੁਣੀਜਨਾਂ ਦਾ ਮੈਂ ਧੰਨਵਾਦ ਕਰਦਾ ਹਾਂ। ਧਰਮ ਨਾਲ ਜੁੜਿਆਂ ਸਾਨੂੰ ਕੋਈ ਵੀ ਬੁਰਾ ਨਹੀਂ ਲੱਗਦਾ। ਕਈ ਵੇਰ ਅਸੀਂ ਮਰਿਆਦਾ ਨੂੰ ਆਖਰੀ ਟੀਚਾ ਸਮਝਦੇ ਹਾਂ ਅਤੇ ਟਪਲਾ ਖਾ ਜਾਂਦੇ ਹਾਂ। ਸਤਿਗੁਰਾਂ ਦਾ ਫ਼ਰਮਾਨ ਹੈ-

ਅਠਸਠਿ ਤੀਰਥ ਸਗਲ ਪੁੰਨ
ਜੀਅ ਦਇਆ ਪਰਵਾਨ॥

ਅਸਾਂ ਦਇਆ ਦੇ ਰਸਤੇ ਤੇ ਚਲਣਾ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮਿ॥
ਹਰਿ ਕਾ ਨਾਮ ਜਪੁ ਨਿਰਮਲ ਕਰਮਿ॥

ਜਦੋਂ ਅਸੀਂ ਸੱਚ ਮੁੱਚ ਨਾਮ ਨਾਲ ਜੁੜ ਜਾਂਦੇ ਹਾਂ ਤਾਂ ਸਾਡੇ ਅੰਦਰ ਹੰਕਾਰ ਨਹੀਂ ਰਹਿ ਜਾਂਦਾ।

ਹਉਮੈ ਨਾਵੈ ਨਾਲ ਵਿਰੋਧ ਹੈ
ਦੁਇ ਨਾ ਵਸਹਿ ਇਕ ਠਾਇ॥

ਸਨਾਤਨ ਧਰਮ, ਭਾਰਤੀ ਧਰਮ ਮੁਤਾਬਿਕ ਸਾਰੀ ਸਿਰਜਣਾ ਉਸਦੀ ਹੈ ਅਤੇ ਉਹ ਸਾਰਿਆਂ ਵਿੱਚ ਹੈ। ਅਸੀਂ ਵੱਖ-ਵੱਖ ਦੇਸ਼ਾਂ, ਧਰਮਾਂ, ਜਾਤਾਂ ਵਿੱਚ ਵੰਡੇ ਵੀ ਇਕ ਦੂਜੇ ਨਾਲ ਪ੍ਰੇਮ ਕਰ ਸਕਦੇ ਹਾਂ। ਜੇ ਸਾਡਾ ਟੀਚਾ ਇਹ ਹੈ ਤਾਂ ਫਿਰ ਧਰਮ ਦੇ ਨਾਂ ਤੇ ਲੜਾਈ ਕਿਉਂ? ਪਹਿਲਾਂ ਅਸੀਂ ਚੰਗੇ ਇਨਸਾਨ ਬਣੀਏ।

ਤੂ ਜਾਨਤ ਮੈ ਕਿਛੁ ਨਹੀ ਭਵਿ ਕਾਟਨ ਹਾਰ॥

ਗੀਤਾ, ਗੁਰਬਾਣੀ, ਕੁਰਾਨ, ਬਾਈਬਲ ਸਭ ਦਾ ਸੰਦੇਸ਼ ਇਕੋ ਹੈ। ਜੇ ਸਾਡਾ ਯਾਰ ਪ੍ਰਮਾਤਮਾ ਹੈ, ਅੱਲਾ ਹੈ, ਗਾਡ ਹੈ ਤਾਂ ਫਿਰ ਮੇਰੀ ਈਰਖਾ ਕੀਹਦੇ ਨਾਲ ਹੈ। ਇਹ ਸੰਦੇਸ਼ ਦੇਈਏ ਕਿ ਅਸੀਂ ਸਾਰੇ ਇਕ ਹਾਂ। ਜੇ ਸਾਡੇ ਅੰਦਰ ਈਰਖਾ ਹੈ ਤਾਂ ਸਾਡਾ ਭਲਾ ਨਹੀਂ ਹੋ ਸਕਦਾ। ਗੁਰੂ ਨਾਨਕ ਜੀ ਨੇ ਕਦੇ ਮੁਸਲਮਾਨ ਨੂੰ ਇਹ ਨਹੀਂ ਕਿਹਾ ਤੂੰ ਹਿੰਦੂ ਬਣ। ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਅਸਲੀ ਧਰਮ ਨਾਲ ਜੋੜਿਆ ਹੈ। ਸਾਰੇ ਆਉਣ ਵਾਲਿਆਂ ਤੇ ਸੰਗਤ ਦਾ ਧੰਨਵਾਦੀ ਹਾਂ।

ਤਿੰਨ ਘੰਟੇ ਚੱਲੇ ਇਸ ਸਮਾਗਮ ਦੇ ਅੰਤ ਵਿੱਚ ਸੰਤ ਗੁਰੂਬਚਨ ਸਿੰਘ, ਸੰਤ ਨਿਸ਼ਾਨ ਸਿੰਘ, ਸੂਬਾ ਹਰਭਜਨ ਸਿੰਘ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਨੇ ਵੱਖ-ਵੱਖ ਧਰਮਾਂ ਦੇ ਆਏ ਹੋਏ ਮੁੱਖੀ ਜਨਾਂ ਨੂੰ ਨਾਮਧਾਰੀ ਸੰਪ੍ਰਦਾਇ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਭੇਂਟ ਕੀਤੇ।

**–ਸੁਵਰਨ ਸਿੰਘ ਵਿਰਕ**

**ਸ਼ਾਮ ਦੇ ਦੀਵਾਨ–** ਅੱਜ ਮੇਲੇ ਦੀ ਆਖਰੀ ਰਾਤ ਹੈ। 6:30 'ਤੇ ਦੀਵਾਨਾਂ ਦੀ ਆਰੰਭਤਾ ਹੋਈ ਜਥੇ. ਦਵਿੰਦਰ ਸਿੰਘ ਕੁਹਾਲੀ, ਜਥੇ. ਗੁਰਚਰਨ ਸਿੰਘ ਮੁਹਾਵਾ, ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਗੁਰਬਚਨ ਸਿੰਘ ਬਹਾਦਰਸੈਨ, ਜਥੇ. ਹਰਪਾਲ ਸਿੰਘ, ਜਥੇ. ਜਸਵਿੰਦਰ ਸਿੰਘ, ਜਥੇ. ਜਸਬੀਰ ਸਿੰਘ, ਜਥੇ. ਸੁਰਿੰਦਰ ਸਿੰਘ ਕੱਕੜ ਨੇ ਆਪਣੇ ਦੀਵਾਨਾਂ ਨਾਲ ਸੰਗਤ ਨੂੰ ਨਿਹਾਲ ਕੀਤਾ।

**14 ਅਕਤੂਬਰ 2024–** ਅੱਜ ਅੱਸੂ ਦੇ ਮੇਲਾ ਦਾ ਭੋਗ ਵਾਲਾ ਦਿਨ ਹੈ ਚਾਰ ਵਜੇ ਪੰਡਾਲ ਵਿੱਚ ਵੱਡੀ ਹਾਜ਼ਰੀ 'ਚ ਸੰਗਤ ਸੁਸ਼ੋਬਿਤ ਸੀ। ਪੰਜ ਵਜੇ ਤੱਕ ਤਾਂ ਪੰਡਾਲ ਵਿੱਚ ਤਿਲ ਸੁੱਟਣ ਨੂੰ ਜਗ੍ਹਾ ਵੀ ਨਾ ਬਚੀ। ਪੰਡਾਲ ਪਿਛੇ ਲਗਾ ਵੱਡਾ ਬੈਨਰ ਜਿਸ ਵਿੱਚ ਬਹੁਤ ਖੂਬਸੂਰਤ ਫੋਟੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਲੱਗੀ ਹੋਈ ਹੈ ਜੋ ਇਸ ਮੇਲੇ ਦੇ ਇਤਿਹਾਸ ਪ੍ਰੰਪਰਾ ਨੂੰ ਦਰਸਾਉਂਦੀਆਂ ਹਨ।

ਸ੍ਰੀ ਸਤਿਗੁਰੂ ਜੀ ਦੇ ਸਾਹਮਣੇ ਅਨੰਦ ਕਾਰਜਾਂ ਵਾਲੇ ਜੋੜੇ ਸੱਜੇ ਹੋਏ ਹਨ। ਆਸਾ ਦੀ ਵਾਰ ਦਾ ਕੀਰਤਨ ਅੱਜ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਰਮੁੱਖ ਸਿੰਘ, ਸਤਨਾਮ ਸਿੰਘ ਅਤੇ ਸਾਥੀ ਕਰ ਰਹੇ ਹਨ। ਰਾਗੀਆਂ ਵਾਲਾ ਸਟੇਜ ਭਰਿਆ ਹੋਇਆ ਹੈ। ਸ਼ਬਦ ਸਨ–

ਬੇਅੰਤਾ ਬੇਅੰਤਾ ਗੁਣ ਤੇਰੇ ਕੇਤਕ ਗਾਵਾ ਰਾਮ
ਬਿਖੈ ਬਨੁ ਫੀਕਾ ਤਿਆਗਿਰੀ ਸਖੀਏ ਨਾਮ ਮਹਾ ਰਸੁ ਪੀਓ॥
-ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ॥

**ਉਪਦੇਸ਼–** ਪਰਮ ਸਤਿਕਾਰ ਯੋਗ ਸਾਧ ਸੰਗਤ ਜੀ ਇਹ ਜਪ-ਪ੍ਰਯੋਗ ਅਤੇ ਅੱਸੂ ਦਾ ਮੇਲਾ ਨਿਰਵਿਘਨਤਾ ਨਾਲ ਸੰਪੂਰਨ ਹੋਇਆ ਹੈ। ਬੜੀ ਵੱਡੀ ਗਿਣਤੀ ਵਿੱਚ ਤੁਸੀਂ ਸਾਰਿਆਂ ਇਥੇ ਦਰਸ਼ਨ ਦਿੱਤੇ ਹਨ। ਇਕ ਵਾਰੀ ਉਸ ਪਾਤਸ਼ਾਹ ਨੂੰ ਯਾਦ ਕਰੀਏ ਜਿਨ੍ਹਾਂ ਦੀ ਇਹ ਕਿਰਪਾ ਹੋਈ ਹੈ ਜਿਨ੍ਹਾਂ ਦੀ ਵਰੋਸਾਈ ਹੋਈ ਇਹ ਸਾਧ ਸੰਗਤ ਹੈ, ਉਨ੍ਹਾਂ ਦੇ ਚਰਨਾਂ ਵਿੱਚ ਨਮਸਕਾਰ ਕਰੀਏ ਤੇ ਸਾਰੇ ਬੜੇ ਪਿਆਰ ਨਾਲ ਆਖੀਏ 'ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।' ਏਨੀ ਵੱਡੀ ਗਿਣਤੀ ਵਿੱਚ ਸੰਗਤ ਉਹ ਵੀ ਚਿੱਟਿਆਂ ਸਫੈਦ ਬਸਤਰਾਂ ਵਿੱਚ ਗੁਰਮੁਖੀ ਪਹਿਰਾਵੇ ਵਿੱਚ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ ਤੇ ਜਿਆਦਾਤਾਰ ਨੌਜਵਾਨ ਨੇ, ਬੱਚੇ ਨੇ ਕਾਲੀਆਂ ਦਾੜ੍ਹੀਆਂ ਵਾਲੀ ਜਿਆਦਾ ਸੰਗਤ ਦੇਖ ਕੇ ਮਨ ਖਿੜਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਬਖਸ਼ਿਸ਼ ਕੀਤੀ ਹੈ।

ਜਿਸ ਤਰ੍ਹਾਂ ਉਸ ਸਮੇਂ ਵਿੱਚ ਸ. ਸੁਵਰਨ ਸਿੰਘ ਵਿਰਕ, ਸ. ਹਰਵਿੰਦਰ ਸਿੰਘ ਹੰਸਪਾਲ ਤੇ ਸ. ਸੁਰਿੰਦਰ ਸਿੰਘ ਨਾਮਧਾਰੀ ਨੌਜਵਾਨ ਸਨ। ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਦਿਅਕ ਜਥੇ ਦੀ ਸ਼ੁਰੂਆਤ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰਦਰਸ਼ਤਾ ਸੀ ਕਿ ਨੌਜਵਾਨ ਅੱਗੇ ਆਉਣ। ਸੱਚੇ ਪਾਤਸ਼ਾਹ ਜੀ ਬਚਨ ਕਰਦੇ ਸਨ ਕਿ ਕਿਸੇ ਵੀ ਕੌਮ ਦਾ ਭਵਿੱਖ ਉਨ੍ਹਾਂ ਦੇ ਨੌਜਵਾਨਾ ਦੇ ਹੱਥ ਵਿੱਚ ਹੁੰਦਾ ਹੈ ਕਿਉਂਕਿ ਜਿਹੜੇ ਬਿਰਧ ਹੋ ਗਏ ਨੇ ਉਹ ਉਹਨਾਂ ਸਹਿਯੋਗ

ਨਹੀਂ ਦੇ ਸਕਦੇ ਸੋ ਉਦੋਂ ਵੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਨੌਜਵਾਨ ਸਿੱਖ ਸੇਵਾ ਸਿਮਰਨ ਕਰਕੇ ਬਖਸ਼ਿਸ਼ਾ ਤੇ ਖੁਸ਼ੀਆਂ ਪ੍ਰਾਪਤ ਕਰਦੇ ਸਨ ਤੇ ਹੁਣ ਵੀ ਉਨ੍ਹਾਂ ਦੀ ਕਿਰਪਾ ਨਾਲ ਹੀ ਨੌਜਵਾਨ ਵੱਧ ਚੜ੍ਹ ਕੇ ਮੇਲੇ ਵਿੱਚ ਆਏ ਹਨ ਤੇ ਬਖਸ਼ਿਸ਼ ਦੇ ਪਾਤਰ ਬਣੇ ਹਨ। ਬਹੁਤ ਵੱਡੀ ਗਿਣਤੀ ਵਿੱਚ ਨਾਮ ਸਿਮਰਨ ਹੋਇਆ ਸ਼ਾਇਦ 10000 ਗਿਣਤੀ ਤੱਕ। ਪਾਤਸ਼ਾਹ ਜੀ ਹੁਕਮ ਕਰਦੇ ਸੀ ਕਿ ਗੁਰਬਾਣੀ ਵਿੱਚ ਸਤਿਗੁਰੂ ਜੀ ਨਾਮ ਦੀ ਸੋਭਾ ਕਰਦੇ ਹਨ ਸੋ ਉਹ ਨਾਮ ਸਿਮਰਨ ਹੋਇਆ ਹੈ। ਇਸ ਸਾਰਾ ਕੁਝ ਸਤਿਗੁਰੂ ਜੀ ਦੀ ਕਿਰਪਾ ਨਾਲ ਹੀ ਹੋਇਆ ਹੈ ਜੇ ਕੋਈ ਆਖੇ ਕਿ ਮੇਰੇ ਯਤਨ ਨਾਲ, ਮੇਰੇ ਕਰਨ ਨਾਲ, ਇਹ ਸਭ ਕੁਝ ਹੋਇਆ, ਤਾਂ ਨਹੀਂ ਹੋ ਸਕਦਾ। ਕਰਨ ਵਾਲਾ ਤਾਂ ਸਤਿਗੁਰੂ ਹੈ, ਅਸੀਂ ਤਾਂ ਚਰਨਾਂ ਦੇ ਭੌਰੇ ਹਾਂ।

ਰਾਖਿ ਪਿਤਾ ਪ੍ਰਭੁ ਮੇਰੇ॥
ਮੋਹਿ ਨਿਰਗੁਣ ਸਭ ਗੁਣ ਤੇਰੇ॥

ਪਰ ਗਰੀਬ ਨਿਵਾਜ ਹੁਕਮ ਕਰਦੇ ਸਨ ਕਿ ਔਖਾ ਕੀ ਹੈ? ਮੈਂ ਨਿਰਗੁਣ ਬਨਣਾ ਹੈ। ਆਪਣੇ ਹੰਕਾਰ ਨੂੰ ਖਤਮ ਕਰਨਾ ਹੈ। ਹੁੰਦਾ ਉਹੀ ਹੈ ਕਿ ਜਦੋਂ ਅਸੀਂ ਇਥੇ ਸੰਗਤ ਵਿੱਚ ਬੈਠਦੇ ਹਾਂ ਤਾਂ ਮਨ ਵਿੱਚ ਆਉਂਦਾ ਹੈ ਕਿ ਮੇਰੇ ਕੀਤਿਆਂ ਤਾਂ ਕੁਝ ਨਹੀਂ ਹੁੰਦਾ ਪਰ ਜਦੋਂ ਬਾਹਰ ਕਿਤੇ ਜਾਂਦੇ ਹਾਂ ਤਾਂ ਮਾਇਆ ਦਾ ਅਸਰ ਹੁੰਦਾ ਹੈ ਤੇ ਅਸੀਂ ਹੰਕਾਰ ਕਰ ਲੈਂਦੇ ਹਾਂ।

ਇਕ ਮੈਂ ਅਰਜ ਬੇਨਤੀ ਕਰਾਂ ਕਿ ਬਹੁਤ ਕਿਰਪਾ ਹੈ ਪਰ ਫਿਰ ਵੀ ਜੇ ਕਿਸੇ ਨੇ ਗਲਤੀ ਕਰ ਲਈ ਹੋਵੇ ਮਾਸ-ਸ਼ਰਾਬ ਛੱਡ ਕੇ ਦੁਬਾਰਾ ਅੰਮ੍ਰਿਤ ਜ਼ਰੂਰ ਛੱਕੋ। ਸਾਡਾ ਨਾਮ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜਦਾ ਹੈ। ਉਹਨਾਂ ਦਾ ਨਾਮ ਬਹੁਤ ਉੱਚਾ ਹੈ। ਅੰਮ੍ਰਿਤ ਛੱਕਣ ਤੋਂ ਬਾਅਦ ਕੇਸਾਂ ਦੀ ਬੇਅਦਬੀ ਵੀ ਨਾ ਕਰੋ।

ਇਹ ਇਕੱਲਾ ਭਾਈਆਂ ਲਈ ਹੀ ਨਹੀਂ ਮੈਂ ਦੇਖਦਾਂ ਜਿਹੜੀਆਂ ਸਾਡੀਆਂ ਧੀਆਂ ਭੈਣਾਂ ਉਨ੍ਹਾਂ ਦੇ ਵੀ ਕੇਸ ਜ਼ਿਆਦਾਤਰ ਕੱਟੇ ਹੁੰਦੇ ਹਨ ਉਹਨਾਂ ਕੋਲ ਵੀ ਬੇਨਤੀ ਹੈ ਅਸੀਂ ਸਤਿਗੁਰੂ ਜੀ ਦਾ ਅੰਮ੍ਰਿਤ ਛਕਿਆ ਹੈ। ਬੀਬੀਆਂ ਨੂੰ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤ ਛਕਾਇਆ ਹੈ। ਸੋ ਬੀਬੀਓ ਸਿੱਖੀ ਦਾ ਮਾਣ ਰੱਖੋ, ਕੇਸਾਂ ਦੀ ਬੇਅਦਬੀ ਨਾ ਕਰੋ। ਪੁਰਾਣੇ ਸਿੱਖਾਂ ਨੂੰ ਪਤਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਕੇਸਾਂ ਨੂੰ ਵਾਅ ਕੇ ਜੋੜ ਕੇ ਡੱਬੀ ਵਿੱਚ ਰੱਖਦੇ ਸਨ ਕਿ ਇਹ ਕਿਤੇ ਪੈਰਾਂ ਵਿੱਚ ਡਿੱਗ ਕੇ ਇਨ੍ਹਾਂ ਦੀ ਬੇਅਦਬੀ ਨਾ ਹੋਵੇ। ਇਸ ਤਰ੍ਹਾਂ ਸੱਚੇ ਪਾਤਸ਼ਾਹ ਜੀ ਨੇ ਸਤਿਕਾਰ ਆਪ ਕੀਤਾ ਹੈ, ਆਪਾਂ ਉਸ ਸਤਿਕਾਰ ਨੂੰ ਕਾਇਮ ਰੱਖੀਏ। ਬੜੀ ਵੱਡੀ ਜਿੰਮੇਵਾਰੀ ਮਾਵਾਂ ਦੀ ਹੈ। ਆਪਾਂ ਮਾਤਾ ਭੁਪਿੰਦਰ ਕੌਰ ਜੀ ਦਾ ਮੇਲਾ ਮਨਾਇਆ ਹੈ। ਮਾਤਾ ਚੰਦ ਕੌਰ ਜੀ ਬਾਰੇ ਬਚਨ ਕਰੀਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ ਕਿ ਇਹ ਜ਼ਰੂਰੀ ਨਹੀਂ ਕਿ ਮੇਰੇ ਬੱਚੇ ਕੋਲ ਕਿੰਨਾ ਪੈਸਾ ਹੋਵੇ, ਇਹ ਤਾਂ ਉਸਦੀ ਕਿਸਮਤ ਹੈ ਪਰ ਮੇਰਾ ਬੱਚਾ ਇਕ ਗੁਰਸਿੱਖ ਬਣੇ ਇਹ ਮਾਵਾਂ ਦੇ ਹੱਥ ਵਿੱਚ ਹੈ। ਮਾਵਾਂ ਪਹਿਲਾ ਅਧਿਆਪਕ ਹੁੰਦੀਆਂ ਹਨ। ਸਮਾਜ ਨੂੰ ਸਿਰਜਣ ਵਿੱਚ ਮਾਂ ਦਾ ਰੋਲ ਬਹੁਤ ਵੱਡਾ ਹੈ। ਉਹ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜ ਸਕਦੀਆਂ ਹਨ। ਜਦੋਂ ਬੱਚਿਆਂ ਨੇ ਬਾਹਰ ਵਿਚਰਨਾ ਹੈ ਉਹਨਾਂ ਨੇ ਮਾਨਵਤਾ ਦੀ ਗੱਲ ਕਰਨੀ ਹੈ ਤਾਂ ਉਹਨਾਂ ਨੂੰ ਪਤਾ ਹੋਵੇ ਕਿ ਮਾਨਵਤਾ ਸਿੱਖੀ ਦੇ ਕਿੰਨੀ ਨੇੜੇ ਹੈ। ਮਾਨਵਤਾ ਚੋਂ ਲੰਘ ਕੇ ਹੀ ਸਿੱਖ ਬਣਿਆ ਜਾ ਸਕਦਾ ਹੈ। ਇਕ ਬੜਾ ਸੋਹਣਾ ਬਚਨ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ ਕਿ ਸਿੱਖ ਕਦੇ ਬੇਈਮਾਨ ਨਹੀਂ ਹੁੰਦਾ, ਜੇ ਬੇਈਮਾਨ ਹੋ ਗਿਆ ਤਾਂ ਸਿੱਖ ਨਹੀਂ ਰਹਿੰਦਾ। ਸੋ ਸਤਿਗੁਰੂ ਜੀ ਕਿਰਪਾ ਕਰਨ ਸਾਡੇ ਅੰਦਰ ਬੇਈਮਾਨੀ ਨਾ ਆਵੇ।

ਸਤਿਗੁਰੂ ਜੀ ਬਚਨ ਕਰਦੇ ਨੇ ਕਿ ਅੰਗਰੇਜ਼ ਖੁਦ ਵੀ ਇਹ ਗੱਲ ਕਹਿੰਦੇ ਸੀ ਕਿ ਕੂਕਾ ਕਦੇ ਝੂਠ ਨਹੀਂ ਬੋਲਦਾ, ਉਹ ਅੰਗਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ। ਸੋ ਸਤਿਗੁਰੂ ਜੀ ਕਿਰਪਾ ਕਰਨ ਸਾਡੇ ਤੇ ਅਸੀਂ ਕਦੇ ਵੀ ਬੇਈਮਾਨ ਨਾ ਹੋਈਏ।

ਇਕ ਮੈਂ ਵਿਆਹ ਵਾਲਿਆਂ ਨੂੰ ਅਰਜ਼ ਕਰਦਿਆਂ ਕਿ ਜੋ ਰਸਮ ਇਥੇ ਹੋ ਗਈ ਹੈ, ਬਸ ਇਥੇ ਤੱਕ ਹੀ ਸੀਮਿਤ ਰਹੇ। ਘਰ ਜਾ ਕੇ ਕਿਸੇ ਪ੍ਰਕਾਰ ਦੀ ਪਾਰਟੀ ਜਾਂ ਹੋਰ ਕੋਈ ਖਰਚੀਲਾ ਕੰਮ ਨਾ ਕੀਤਾ ਜਾਏ। ਜਿਨ੍ਹਾਂ ਨੇ ਸੇਵਾ ਕੀਤੀ ਹੈ ਉਹਨਾਂ ਲਈ ਧੰਨਵਾਦ ਸ਼ਬਦ ਬਹੁਤ ਛੋਟਾ ਹੈ, ਉਹਨਾਂ ਨੂੰ ਸਤਿਗੁਰੂ ਪਾਤਸ਼ਾਹ ਦੀਆਂ ਬੇਅੰਤ ਖੁਸ਼ੀਆਂ ਨੇ। ਲੰਗਰ ਦੀ ਸੇਵਾ ਹੋਈ ਹੈ, ਜੋੜਿਆਂ ਦੀ ਸੇਵਾ ਕੀਤੀ ਹੈ, ਰਾਗੀ ਜਥੇਦਾਰ, ਫੋਟੋਗ੍ਰਾਫ, ਪਾਠੀ ਆਦਿ ਸਭ ਨੇ ਬੜੇ ਚਾਅ ਨਾਲ ਸੇਵਾ ਕੀਤੀ ਹੈ। ਮੈਂ ਸਮਝਦਾ ਹਾਂ ਕਿ ਉਹਨਾਂ ਦੇ ਧੰਨ ਭਾਗ ਨੇ ਸੱਚੇ ਪਾਤਸ਼ਾਹ ਦੀਆਂ ਉਨ੍ਹਾਂ ਤੇ ਬੇਅੰਤ ਖੁਸ਼ੀਆਂ ਹਨ। ਜਿਨ੍ਹਾਂ ਵਲੋਂ ਮੇਲਾ ਹੋਇਆ ਹੈ ਉਹਨਾਂ ਨੇ ਮਾਸਾ ਵੀ ਜਨਾਇਆ ਨਹੀਂ, ਅੱਗੇ ਵੀ ਨਹੀਂ ਆਏ, ਬਸ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣੇ ਹਨ।

ਸੰਤ ਚਰਨਜੀਤ ਸਿੰਘ ਜੀ ਪੈਟਰੋਲ ਪੰਪ ਵਾਲੇ,

ਉਹਨਾਂ ਦੇ ਬੱਚੇ ਗੁਰਬਚਨ ਤੇ ਪ੍ਰਤਿਪਾਲ ਉਨ੍ਹਾਂ ਵਲੋਂ ਸਾਰੀ ਸੇਵਾ ਹੋਈ ਹੈ ਪਰ ਉਹਨਾਂ ਨੇ ਜਣਾਇਆ ਨਹੀਂ।

ਸਤਿਗੁਰੂ ਜੀ ਦਾ ਹੁਕਮ ਹੈ ਕਿ ਕੋਈ ਸਿੱਖ ਬਾਹਰਲੀਆਂ ਸੁਸਾਈਟੀਆਂ ਵਿੱਚ ਸੇਵਾ ਕਰਨ ਜਾਂਦਾ ਹੈ ਤਾਂ ਉਹਨਾਂ ਨੂੰ ਕਿਸੇ ਨੇ ਆਖਿਆ ਕਿ ਤੁਸੀਂ ਬਾਹਰ ਜਾ ਕੇ ਸੇਵਾ ਕਰਦੇ ਹੋ ਆਪਣੀ ਸੰਗਤ ਵਿੱਚ ਸੇਵਾ ਕਿਉਂ ਨਹੀਂ ਕਰਦੇ ਤਾਂ ਉਹਨਾਂ ਕਿਹਾ ਕਿ ਜਦੋਂ ਮੈਂ ਆਪਣੀ ਸੰਗਤ ਵਿੱਚ ਜਾ ਕੇ ਸੇਵਾ ਕਰਦਾ ਹਾਂ ਤਾਂ ਮੈਨੂੰ ਸਭ ਸੰਤ ਜੀ ਕਹਿ ਕੇ ਬੁਲਾਉਂਦੇ ਹਨ ਫਿਰ ਉਹ ਗੱਲ ਨਹੀਂ ਰਹਿੰਦੀ। ਕਿਉਂਕਿ ਕਰਨ ਵਾਲਾ ਤਾਂ ਸਤਿਗੁਰੂ ਹੀ ਹੈ।

ਅਗਲਾ ਹੋਲੇ ਦਾ ਮੇਲਾ ਬੈਕੌਂਕ ਦੀ ਸਾਧ ਸੰਗਤ ਵਲੋਂ ਹੋਣਾ ਹੈ। ਅੱਸੂ ਦਾ ਮੇਲਾ ਸੰਤ ਜੋਧ ਸਿੰਘ ਡਾਲਟਨ ਗੰਜ ਵਾਲਿਆਂ ਦੇ ਪਰਿਵਾਰ ਵਲੋਂ ਹੋਣਾ ਹੈ।

**ਬੀਬੀ ਨਰਿੰਦਰ ਕੌਰ ਜੀ ਨੂੰ ਨਵਾਂ ਸੂਬਾ ਥਾਪਿਆ ਗਿਆ ਹੈ।**

**ਸਤਿ ਸ੍ਰੀ ਅਕਾਲ**

ਆਸਾ ਦੀ ਵਾਰ ਉਪਰੰਤ ਸੱਤ ਜੋੜਿਆ ਦੇ ਅਨੰਦ ਕਾਰਜ ਹੋਏ।

**ਪਾਠਾਂ ਦੇ ਭੋਗ–** ਮੇਲੇ ਦੀ ਸਮਾਪਤੀ ਸਮੇਂ ਪਾਠਾਂ ਦੇ ਭੋਗ ਪਾਏ ਗਏ।

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 407 ਪਾਠ**

260 ਪਾਠ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿੱਚ
5 ਪਾਠ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ
6 ਪਾਠ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ
10 ਪਾਠ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿੱਚ
11 ਪਾਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ
31 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ

**ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 19 ਪਾਠ**

3 ਪਾਠ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ
11 ਪਾਠ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿੱਤ
5 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ
11 ਪਾਠ ਸਤਿਗੁਰੂ ਜੀ ਦੀ ਚੜਦੀ ਕਲਾ ਲਈ
5 ਪਾਠ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ
5 ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ
8 ਪਾਠ ਅਨੰਦ ਕਾਰਜਾਂ ਵਾਲਿਆਂ ਵਲੋਂ
55 ਪਾਠ ਵੱਖ-ਵੱਖ ਮਨੋਰਥਾ ਲਈ

**ਅਗਲਾ ਮੇਲਾ–** ਹੋਲਾ-ਮਹੱਲਾ 2025 ਈ. ਵਾਲਾ ਬੈਂਕੌਕ (ਥਾਈਲੈਂਡ) ਦੀ ਸਾਧ ਸੰਗਤ ਵਲੋਂ ਹੋ ਰਿਹਾ ਹੈ।

**ਸੇਵਾ–** ਸ੍ਰੀ ਭੈਣੀ ਸਾਹਿਬ ਇਸ ਮੇਲੇ ਦੌਰਾਨ ਸਾਧ ਸੰਗਤ ਨੇ ਬਹੁਤ ਸੇਵਾ ਕੀਤੀ।

**ਸੰਪਾਦਕ**

........................................................

## ਪ੍ਰਯੋਗ ਦਾ ਪਹਿਲਾ ਦਿਨ

ਅੱਜ ਅੰਮ੍ਰਿਤ ਵੇਲੇ ਤਿੰਨ ਵਜੇ ਅਰਦਾਸ ਹੋਈ ਸਾਧਸੰਸਤ ਦਾ ਉਤਸ਼ਾਹ ਦੇਖਦਿਆਂ ਹੀਂ ਬਣਦਾ ਸੀ ਬਹੁਤ ਦੂਰ ਦੂਰ ਤੋਂ ਸੰਗਤਾਂ ਅੱਜ ਅਰਦਾਸ ਵਿੱਚ ਸ਼ਾਮਲ ਹੋਣ ਵਾਸਤੇ ਆਈਆਂ ਸਨ। ਸ੍ਰੀ ਭੈਣੀ ਸਾਹਿਬ ਦੇ ਵਿੱਚ ਸੰਗਤਾਂ ਦਾ ਇਕੱਠ ਗੁਰਸਿੱਖਾਂ ਦੇ ਪ੍ਰੇਮ ਨੂੰ ਪਰਗਟ ਕਰ ਰਿਹਾ ਸੀ। ਛੋਟੇ ੨ ਬੱਚੇ ਬਜ਼ੁਰਗ ਜਵਾਨ ਦੌੜ ਦੌੜ ਕੇ ਅੰਮ੍ਰਿਤ ਛਕਣ ਵਾਸਤੇ ਜਾ ਰਹੇ ਸਨ। ਲਾਗੇ-2 ਕਿਸੇ ਵੀ ਜਗ੍ਹਾ ਸਾਧਨ ਲਗੌਣ ਦੀ ਜਗ੍ਹਾ ਨਹੀਂ ਸੀ ਮਿਲ ਰਹੀ, ਗੱਡੀਆਂ ਬਹੁਤ ਦੂਰ ਖਲਾਰਨੀਆਂ ਪੈ ਰਹੀਆਂ ਸਨ। ਸੰਗਤਾਂ ਦੂਰੋਂ ਪੈਦਲ ਚੱਲ ਕੇ ਵੱਢੇ ਪੰਡਾਲ ਵੱਲ ਆ ਰਹੀਆਂ ਸਨ। ਪ੍ਰਯੋਗ ਅਰੰਭਤਾ ਦੀ ਅਰਦਾਸ ਭਾਵੇਂ ਤਿੰਨ ਵਜੇ ਹੋਣੀ ਸੀ ਪਰ ਗੁਰੂ ਪਿਆਰੇ ਦੋ ਵਜੇ ਤੋਂ ਪਹਿਲਾਂ ਹੀ ਪੰਡਾਲ ਵਿੱਚ ਜੁੜਨੇ ਸ਼ੁਰੂ ਹੋ ਗਏ ਸਨ। ਇਸ਼ਨਾਨ ਕਰਕੇ ਅੰਮ੍ਰਿਤ ਛੱਕ ਕੇ ਸਾਫ਼ ਸਫੈਦ ਬਸਤਰ ਪਹਿਨ ਅੰਦਰੋਂ ਬਾਹਰੋਂ ਪਵਿੱਤਰ ਹੋ ਕੇ ਆਪਣੇ ਪ੍ਰੀਤਮ ਪਿਆਰੇ ਦਾ ਦੀਦਾਰ ਕਰਨ ਲਈ ਗੁਰਸਿੱਖ ਆਣ ਜੁੜੇ ਸਨ। ਪੌਣੇ ਤਿੰਨ ਹੋ ਗਏ, ਸਾਰੇ ਪੰਡਾਲ ਵਿੱਚ ਗਹਿਮਾਂ ਗਹਿਮ ਸੀ ਜਿਨੂੰ ਕਹਿੰਦੇ ਆ ਨਾ ਤਿੱਲ ਸੁੱਟਿਆਂ ਭੁੰਝੇ ਨਹੀਂ ਸੀ ਡਿੱਗਦਾ, ਭਾਈ ਸੱਜੇ ਪਾਸੇ ਮਾਈਆਂ ਖੱਬੇ ਪਾਸੇ ਬੈਠੀਆਂ ਸਨ।

ਛੋਟੇ-2 ਬੱਚੇ ਵੀ ਸਣ ਕੇਸੀਂ ਇਸ਼ਨਾਨ ਕਰਕੇ ਮਾਲਾ ਫੜ ਕੇ ਬੈਠੇ ਐਂ ਲੱਗ ਰਹੇ ਸਨ। ਜੇਵੇਂ ਧ੍ਰੂ ਭਗਤ ਪ੍ਰਹਿਲਾਦ ਵਰਗੇ ਆਪਣੀ ਭਗਤੀ ਤਪੱਸਿਆ ਨੂੰ ਦਹੁਰਾਉਣ ਵਾਸਤੇ ਫਿਰ ਤੋਂ ਆ ਗਏ ਹੋਣ, ਪੌਣੇ ਤਿੰਨ ਹੋ ਚੁੱਕੇ ਸਨ। ਸਤਿਗੁਰੂ ਜੀ ਦੇ ਮਨੋਹਰ ਦਰਸ਼ਨ ਦੀ ਉਡੀਕ ਵਿੱਚ ਸੰਗਤਾਂ ਨਿਗ੍ਹਾ ਲਗਾਈ ਬੈਠੀਆਂ ਸਨ। ਜਦੋਂ ਤਿੰਨ ਵੱਜਣ ਵਿੱਚ ਦੋ ਮਿੰਟ ਬਾਕੀ ਰਹਿੰਦੇ ਹੁੰਦੇ ਨੇ ਸਾਰੀ ਸੰਗਤ ਅਰਦਾਸ ਵਾਸਤੇ ਖਲੋ ਜਾਂਦੀ ਹੈ ਸਟੇਜ ਤੇ ਅਰਦਾਸੀਆ ਸਿੰਘ ਵੀ ਖਲੋ ਜਾਂਦਾ ਹੈ। ਤਿੰਨ ਪੂਰੇ ਵੱਜ ਜਾਂਦੇ ਹਨ ਦੂਰ ਵਰਨੀਆਂ ਵਿੱਚੋਂ ਤਿੰਨ

ਵਾਰ ਘੈਂਟੀ ਖੜਕਣ ਦੀ ਅਵਾਜ ਵੀ ਸੁਣਾਈ ਦੇਂਦੀ ਹੈ। ਪਰ ਅਰਦਾਸ ਅਰੰਭ ਨਹੀਂ ਹੋਈ ਹੱਥ ਜੋੜ ਕੇ ਸਾਰੇ ਦੇਖ ਰਹੇ ਹਨ। ਅਰਦਾਸ ਕਿਓਂ ਨਹੀਂ ਹੋਈ? ਕਿਉਂਕਿ ਸਭ ਦੀਆਂ ਅਰਦਾਸਾਂ ਪੁਕਾਰਾਂ ਸੁਣ ਕੇ ਪੂਰੀਆਂ ਕਰਨ ਵਾਲਾ ਸ਼ਹਿਨਸ਼ਾਹ ਅਜੇ ਨਹੀਂ ਪਧਾਰਿਆ ਸੀ (ਜੇਵੇਂ ਸਤਿਗੁਰੂ ਜੀ ਉਤਸ਼ਾਹ ਭਰੇ ਮਨ ਨਾਲ ਦੌੜ ਦੌੜ ਕੇ ਆ ਰਹੀ ਸਾਧ-ਸੰਗਤ ਨੂੰ ਅਰਦਾਸ ਵਿੱਚ ਸ਼ਾਮਲ ਹੋਣ ਲਈ ਕੁਝ ਮਿੰਟ ਹੋਰ ਪ੍ਰਦਾਨ ਕਰ ਰਹੇ ਹੋਣ) ਤਿੰਨ ਵੱਜ ਕੇ ਚਾਰ ਮਿੰਟ ਹੋ ਜਾਂਦੇ ਹਨ। ਸੰਗਤ ਪਰਵਾਨਿਆਂ ਵਾਂਗੂ ਸਤਿਗੁਰੂ ਜੀ ਦੀ ਦੀਦ ਦੇ ਤੇਜ ਪ੍ਰਕਾਸ਼ ਤੋਂ ਕੁਰਬਾਨ ਹੋਣ ਲਈ ਉਤਾਵਲੀ ਸੀ ਜੇਵੇਂ ਮੋਰ ਆਪਣੇ ਰੰਗ ਬਰੰਗੇ ਖੰਭ ਖਲਾਰ ਕੇ ਘਟਾਵਾਂ ਦੇ ਆਗਮਨ ਵਿੱਚ ਆਪਣਾ ਰੋਮ ਰੋਮ ਨਿਸ਼ਾਵਰ ਕਰ ਦੇਂਦਾ ਹੈ ਏਸੇ ਤਰਾਂ ਸਤਿਗੁਰੂ ਜੀ ਦੇ ਆਗਮਨ ਤੋਂ ਪ੍ਰੀਤਮ ਪਿਆਰੇ ਦੀ ਦੀਦ ਦੀ ਪਹਿਲੀ ਝਲਕ ਤੋਂ ਆਪਣਾ ਆਪਾ ਕੁਰਬਾਨ ਕਰਨ ਲਈ ਦੀਦ ਦਿਵਾਨੇ ਹੱਥ ਜੋੜੀ ਖਲੋਤੇ ਸਨ ਕੋਈ ਉੱਚੀ ਸਾਹ ਵੀ ਨਹੀਂ ਸੀ ਲੈ ਰਿਹਾ ਚਾਰ ਚੁਫੇਰੇ ਸੰਨਾਟਾ ਸੀ।

ਤਿੰਨ ਵੱਜ ਕੇ ਪੰਜ ਮਿੰਟ ਤੇ ਚੁੱਪ ਨੂੰ ਚੀਰਦੀ ਹੋਈ ਜੈਕਾਰੇ ਦੀ ਅਵਾਜ਼ ਨੇ ਸਾਰਿਆਂ ਨੂੰ ਚੌਕੰਨੇ ਕਰ ਦਿੱਤਾ , ਇਹ ਜੈਕਾਰਾ ਸਤਿਗੁਰੂ ਜੀ ਦੇ ਆਗਮਨ ਦਾ ਸੰਕੇਤ ਸੀ। ਜੈਕਾਰੇ ਦਾ ਜਵਾਬ ਸਾਰੀ ਸੰਗਤ ਨੇ ਇੱਕ ਸੁਰ ਹੋ ਕੇ ਦਿੱਤਾ। ਐ ਲੱਗਿਆ ਜਿਵੇਂ ਸਾਰਾ ਪੰਡਾਲ ਨਹੀਂ ! ਪੂਰਾ ਬ੍ਰਹਿਮੰਡ ਹੀ ਅੰਮ੍ਰਿਤ ਵੇਲੇ ਸਤਿਗੁਰੂ ਜੀ ਦੇ ਦਰਸ਼ਨ ਦਿਦਾਰੇ ਤੋਂ ਕੁਰਬਾਨ ਹੁੰਦਾ ਹੋਵੇ। ਜੈਕਾਰੇ ਦਾ ਜਵਾਬ ਦੇਂਦਾ ਗੂੰਜ ਉੱਠਿਆ ਹੋਵੇ। ਤ੍ਰੇਲ ਦੇ ਨਾਲ ਭਿੱਜੇ ਹੋਏ ਰੁੱਖ ਬੂਟੇ ਏਵੇਂ ਲੱਗ ਰਹੇ ਸਨ। ਜਿਵੇਂ ਅੱਜ ਅਰਦਾਸ ਵਿੱਚ ਸ਼ਾਮਲ ਹੋਣ ਵਾਸਤੇ ਇਸ਼ਨਾਨ ਕਰਕੇ ਖਲੋਤੇ ਹੋਣ। ਜੈਕਾਰੇ ਦੀ ਗੂੰਜ ਦੇ ਵਿੱਚ-2 ਹੀ ਸਤਿਗੁਰੂ ਜੀ ਦੇ ਆਗਮਨ ਦੇ ਨਾਲ ਹੀ ਸੋਧੀ ਸਿੰਘਾਂ ਨੇ ਕੜਾਹ ਪ੍ਰਸ਼ਾਦ ਵੀ ਚੌਂਕੀ ਉੱਤੇ ਆਣ ਧਰਿਆ ਸੀ। ਤਿੰਨ ਵੱਜ ਕੇ ਪੰਜ ਮਿੰਟ ਤੇ ਅਰਦਾਸ ਅਰੰਭ ਹੋਈ।

ਸੂਬਾ ਬਲਵਿੰਦਰ ਸਿੰਘ ਨੇ ਅਰਦਾਸ ਕਰਦਿਆਂ ਆਖਿਆ ਧੂਪ ਦੀਪ ਕੁੰਭ ਸਾਰੀ ਸਮੱਗਰੀ ਹਾਜ਼ਰ ਕਰਕੇ ਵਿਸ਼ਵ ਦੇ ਭਲੇ ਅਤੇ ਨਾਮਧਾਰੀ ਪੰਥ ਦੀ ਚੜਦੀ ਕਲਾ ਵਾਸਤੇ ਪ੍ਰਯੋਗ ਅਰੰਭ ਕੀਤਾ ਜਾਂਦਾ ਹੈ। ਸਾਰੀ ਸੰਗਤ ਆਪਣੀ-2 ਜਗ੍ਹਾ ਤੇ ਬੈਠ ਗਈ ਮੱਥਾ ਟੇਕਣ ਦਾ ਹੁਕਮ ਨਾ ਹੋਇਆ। ਅੰਮ੍ਰਿਤ ਵੇਲੇ ਬਿਰਤੀ ਟਿਕੌਣ ਦਾ ਉਪਰਾਲਾ ਸੀ। ਇਕ ਸਤਿਗੁਰੂ ਦਾ ਸਰੂਪ ਬਾਹਰ ਸਾਹਮਣੇ ਬੈਠਾ ਹੈ ਇਕ ਪਿਆਰੀ ਮੂਰਤੀ ਅੰਦਰ ਹੈ ਬੱਸ ਦੋਹਾਂ ਨੂੰ ਇੱਕ ਕਰਕੇ ਦੇਖਣ ਦਾ ਸੰਗਤ ਅਭਿਆਸ ਕਰਨ ਲੱਗੀ। ਹੱਥਾਂ ਵਿੱਚ ਦੁੱਧ ਚਿੱਟੀਆਂ ਮਾਲਾ ਫਿਰਨ ਲੱਗੀਆਂ ਮੁੱਖ ਵਿੱਚ ਵਾਹਿਗੁਰੂ ਵਾਹਿਗੁਰੂ ਦ੍ਰਿੜੌਂਦੀ ਰਸਨਾ ਫਿਰ ਰਹੀ ਹੈ। ਜਿਵੇਂ ਦਸ ਦਿਸ਼ਾਵਾਂ ਵਿੱਚ ਫਿਰ ਰਹੇ ਮਨ ਨੂੰ ਅੱਜ ਘਰ ਬੁਲਾਇਆ ਜਾ ਰਿਹਾ ਹੈ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੀ ਹੋਈ ਸੰਗਤ ਭਜਨ ਕਰ ਰਹੀ ਸੀ। ਜਿਸ ਨਾਮ ਵਿੱਚੋਂ ਸਾਰਾ ਬ੍ਰਹਿਮੰਡ ਉਤਪੰਨ ਹੋਇਆ ਹੈ ਭੂਤ ਪ੍ਰੇਤ ਦੇਵ ਦੈਂਤ ਜਿੰਦ ਪ੍ਰਿੰਦ ਧਰਤ ਅਕਾਸ਼ ਚੰਦ ਤਾਰੇ ਦਿਸਦਾ ਅਣ ਦਿੱਸਦਾ ਸਭ ਕੁਝ ਅੱਜ ਅੰਮ੍ਰਿਤ ਵੇਲੇ ਸਤਿਗੁਰਾਂ ਦੀ ਹਜ਼ੂਰੀ ਵਿੱਚ ਸਾਧ ਸੰਗਤ ਦੇ ਰੂਪ ਵਿੱਚ ਇੱਕ ਸੁਰ ਹੋਕੇ ਏਨੀ ਤਨ ਮਨਤਾ ਨਾਲ ਨਾਮ ਜੱਪ ਰਹੀ ਸੀ ਕਿ ਏਵੇਂ ਲੱਗ ਰਿਹਾ ਸੀ ਜਿਵੇਂ ਸ੍ਰੀ ਭੈਣੀ ਸਾਹਿਬ ਦੀ ਧਰਤੀ ਸਾਰੇ ਬ੍ਰਹਿਮੰਡ ਦਾ ਕੇਂਦਰ ਬਣ ਗਈ ਹੋਵੇ ਤੇ ਸਾਰਾ ਬ੍ਰਹਿਮੰਡ ਆਪਣੇ ਇਸ ਰੂਹਾਨੀ ਕੇਂਦਰ ਦੀ ਪਰਕਿਰਮਾ ਕਰ ਰਿਹਾ ਹੋਵੇ।

ਅੱਜ ਅੰਮ੍ਰਿਤ ਵੇਲੇ ਅੰਮ੍ਰਿਤ ਨਾਮ ਦਾ ਸਿਮਰਨ ਜਿਵੇਂ ਦੈਵਿਕ ਅੰਮ੍ਰਿਤ ਕੁੰਡ ਬਣ ਗਿਆ ਹੋਵੇ, ਮਨ ਵਿਚਾਰਾਂ ਦੇ ਬਸਤਰ ਉਤਾਰ ਕੇ ਇਸ ਅੰਮ੍ਰਿਤ ਕੁੰਡ ਵਿੱਚ ਡੁਬਕੀਆਂ ਲਗਉਂਦਾ ਪ੍ਰਤੀਤ ਹੋ ਰਿਹਾ ਸੀ। ਇਹਨਾਂ ਵਿਸਮਾਦਿਤ ਪਲਾਂ ਨੂੰ ਕਿੰਝ ਬਿਆਨ ਕੀਤਾ ਜਾ ਸਕਦਾ ਹੈ ਸਾਹਮਣੇ ਪਿਆਰੇ ਸਤਿਗੁਰੂ ਦਾ ਦਰਸ਼ਨ ਪਵਿੱਤਰ ਨਾਮ ਦਾ ਸਿਮਰਨ ਅਤੇ ਇਕਾਗਰ ਮਨ, ਕਦੇ ਭਗਤ ਕਬੀਰ ਜੀ ਨੇ ਐਸਾ ਅਨੰਦ ਅਨੁਭਵ ਕਰਦਿਆਂ ਹੋਇਆਂ ਆਖਿਆ ਹੋਵੇਗਾ-

ਸਾਧ ਸੰਗਤਿ ਬੈਕੁੰਠੈ ਆਹਿ

ਸਾਢੇ ਚਾਰ ਵਜੇ ਰਾਗੀ ਬਲਵੰਤ ਸਿੰਘ ਜੀ ਆਪਣੇ ਸਾਥੀਆਂ ਸਮੇਤ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰਦੇ ਹਨ। ਸਤਿਗੁਰੂ ਜੀ ਸਸ਼ੋਬਤ ਹਨ ਸਾਧ ਸੰਸਤ ਨਮਸਕਾਰ ਕਰ ਰਹੀ ਹੈ। ਅੱਜ ਸੰਗਤ ਦਾ ਬਹੁਤ ਭਾਰੀ ਇਕੱਠ ਸੀ ਚਿੱਟੇ ਦੁੱਧ ਬਸਰਤ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਛੀਰ ਸਮੁੰਦਰ ਉਮੜ ਗਿਆ ਹੋਵੇ। ਰਾਗੀ ਸਿੰਘਾਂ ਦੁਆਰਾ ਅੰਮ੍ਰਿਤ ਬਾਣੀ ਦੀ ਵਰਖਾ ਨਿਰੰਤਰ ਜਾਰੀ ਸੀ। 6:10 ਤੇ ਅਨੰਦ ਸਾਹਿਬ ਪੜ੍ਹਨ ਦੇ ਨਾਲ ਹੀ ਆਸਾ ਦੀ ਵਾਰ ਦਾ ਭੋਗ ਪੈਂਦਾ ਹੈ ਸੂਬਾ ਬਲਵਿੰਦਰ ਸਿੰਘ ਜੀ ਵਾਰ ਦੀ ਸਮਾਪਤੀ ਦੀ ਅਰਦਾਸ ਕਰਦੇ ਹਨ।

ਅਰਦਾਸ ਉਪਰੰਤ ਜਦੋਂ ਸਤਿਗੁਰੂ ਜੀ ਆਪਣੇ ਆਸਣ ਤੇ ਸੁਭਾਏਮਾਨ ਹੁੰਦੇ ਹਨ ਸਾਰੀ ਸੰਗਤ ਵੀ ਆਪਣੀ ਆਪਣੀ ਜਗਾ ਤੇ ਬੈਠ ਜਾਂਦੀ ਹੈ ਸਾਰੀ ਸੰਗਤ ਦੀਆਂ ਨਜਰਾ ਪ੍ਰੀਤਮ ਪਿਆਰੇ ਦੇ ਮੁਖਾਰਬਿੰਦ ਤੇ ਟਿਕੀਆਂ ਹੁੰਦੀਆਂ ਹਨ।

ਸਤਿਗੁਰੂ ਜੀ ਰਹਿਮਤ ਕਰਦੇ ਹੋਏ ਪਵਿੱਤਰ ਉਪਦੇਸ਼ ਬਖਸ਼ਿਸ਼ ਕਰਦੇ ਹਨ।

ਇਸ ਤਰ੍ਹਾਂ ਅੱਜ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਅਰੰਭ ਕੀਤੇ ਹੋਏ ਪ੍ਰਯੋਗ ਦੀ ਅਰੰਭਤਾ ਹੋ ਜਾਂਦੀ ਹੈ।

**ਜਥੇ. ਕਮਾਲ ਸਿੰਘ**

.....................................................

## ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦ ਸਿੰਘ ਦੀ ਯਾਦ 'ਚ ਮੇਲਾ

ਖਾਲਸਾ ਰਾਜ ਅੰਗਰੇਜਾਂ ਦੇ ਅਧੀਨ ਹੋਣ ਤੋਂ ਸਿਰਫ 36 ਦਿਨ ਬਾਅਦ ਹੀ ਸਰਕਾਰ ਨੇ 4 ਮਈ 1849 ਈ. ਨੂੰ ਪੰਜਾਬ 'ਚ ਗਊ ਮਾਸ ਵੇਚਣ ਦੀ ਖੁੱਲ੍ਹ ਦੇ ਦਿੱਤੀ। ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਗਊ ਬੱਧ ਹੋਣ ਲੱਗਿਆ। ਪਹਿਲੇ ਪਹਿਲ ਸ਼ਹਿਰ ਤੋਂ ਬਾਹਰ ਬੁੱਚੜਖਾਨਾ ਖੋਲ੍ਹਿਆ ਗਿਆ, ਫਿਰ ਸ਼ਹਿਰ ਦੇ ਅੰਦਰ ਲਾਹੌਰੀ ਗੇਟ ਕੋਲ ਅਤੇ ਤੀਸਰਾ ਹਰਿਮੰਦਰ ਸਾਹਿਬ ਦੇ ਨਜ਼ਦੀਕ ਘੰਟਾ ਘਰ ਕੋਲ। ਅੰਮ੍ਰਿਤਸਰ ਦੀ ਧਰਤੀ 'ਤੇ ਵੱਡੀ ਪੱਧਰ 'ਤੇ ਗਊ ਹੱਤਿਆ ਹੋਣ ਲੱਗੀ। ਉੱਤਰੀ ਭਾਰਤ 'ਚ ਅੰਮ੍ਰਿਤਸਰ ਸ਼ਹਿਰ ਚਮੜੇ ਦੀ ਸਭ ਤੋਂ ਵੱਡੀ ਮੰਡੀ ਬਣ ਗਿਆ।

ਘੰਟਾ ਘਰ ਕੋਲ ਖੁੱਲ੍ਹੇ ਬੁੱਚੜਖਾਨੇ ਨਾਲ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਹੋਣ ਲੱਗੀ। ਕਾਂ, ਇੱਲਾਂ, ਜਾਨਵਰ ਬੁੱਚੜਖਾਨੇ ਤੋਂ ਮਾਸ ਦੀਆਂ ਬੋਟੀਆਂ ਚੁੱਕ ਕੇ ਹਰਿਮੰਦਰ ਸਾਹਿਬ ਦੀਆਂ ਕੰਧਾਂ 'ਤੇ ਆ ਬੈਠਦੇ ਅਤੇ ਕਈ ਵਾਰ ਮਾਸ ਦੀਆਂ ਬੋਟੀਆਂ ਪਰਿਕਰਮਾ ਜਾਂ ਸਰੋਵਰ ਕੰਢੇ ਵੀ ਆ ਸੁੱਟਦੇ। ਅੰਮ੍ਰਿਤਸਰ ਸ਼ਹਿਰ ਅਤੇ ਪਿੰਡਾਂ ਦੇ 15 ਕੁ ਸਰਗਰਮ ਨਾਮਧਾਰੀ ਸਿੰਘਾਂ ਨੇ ਹਰਿਮੰਦਰ ਸਾਹਿਬ ਨੇੜਿਓਂ ਬੁੱਚੜਖਾਨੇ ਦਾ ਕਲੰਕ ਮਿਟਾਉਣ ਦੀ ਠਾਣ ਲਈ। ਅਖੀਰ 14-15 ਜੂਨ 1871 ਦੀ ਰਾਤ ਨੂੰ 10 ਨਾਮਧਾਰੀ ਸਿੰਘਾਂ ਨੇ 12 ਵਜੇ ਬੁੱਚੜਖਾਨੇ 'ਤੇ ਧਾਵਾ ਬੋਲ ਦਿੱਤਾ।

11 ਸਤੰਬਰ ਨੂੰ ਅੰਗਰੇਜ ਅਧਿਕਾਰੀ ਮਿਸਟਰ ਸੀ.ਆਰ. ਲਿੰਡਸੇ, ਚੀਫ ਕੋਰਟ ਦੇ ਜੱਜ ਮਿਸਟਰ ਜੇ.ਐਸ. ਕੈਂਮਪਬੈਲ ਨੇ ਦੋਸ਼ੀਆਂ ਦੀ ਮਿਸਲ ਤਸਦੀਕ ਕਰ ਦਿੱਤੀ ਅਤੇ 15 ਸਤੰਬਰ 1871 ਈ. ਨੂੰ ਚਾਰੇ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ। ਚਾਰੇ ਨਾਮਧਾਰੀ ਸਿੰਘਾਂ ਨੇ ਆਪਣੀ ਆਖ਼ਰੀ ਇੱਛਾ ਮੁਤਾਬਿਕ ਹਰਿਮੰਦਰ ਸਾਹਿਬ 'ਚ ਇਸ਼ਨਾਨ ਕੀਤਾ, ਅਰਦਾਸਾ ਸੋਧਿਆ ਅਤੇ ਸਿੰਘ ਢੋਲਕ-ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਾਮ ਬਾਗ ਦੇ ਇਕ ਵੱਡੇ ਬੋਹੜ ਨਾਲ ਆਪਣੇ ਗਲਾਂ 'ਚ ਰੇਸ਼ਮ ਦੇ ਰੱਸੇ ਪਾ ਕੇ 15 ਸਤੰਬਰ 1871 ਈ. ਵਾਲੇ ਦਿਨ ਸ਼ਹੀਦੀਆਂ ਪ੍ਰਾਪਤ ਕਰ ਗਏ।

**ਮੇਲੇ ਦਾ ਵੇਰਵਾ**- ਅੰਮ੍ਰਿਤ ਵੇਲੇ ਤੋਂ ਨਾਮਧਾਰੀ ਵਿੱਦਿਅਕ ਜੱਥਾ ਅੰਮ੍ਰਿਤਸਰ ਦੇ ਨੌਜਵਾਨਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜਥੇਦਾਰ ਜਸਬੀਰ ਸਿੰਘ ਖਿਆਲਾ ਵੱਲੋਂ ਨਾਮਧਾਰੀ ਸ਼ਹੀਦੀ ਸਾਕਾ ਅੰਮ੍ਰਿਤਸਰ ਤੇ ਦੀਵਾਨ ਲਗਾਇਆ ਗਿਆ। ਫਿਰ ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਅਤੇ ਉਨ੍ਹਾਂ ਦੇ ਜਥੇ ਵੱਲੋਂ ਸਾਕੇ ਦੀ ਜਾਣਕਾਰੀ ਦੀਵਾਨ ਲਗਾ ਕੇ ਵਿਸਥਾਰ ਨਾਲ ਦਿੱਤੀ ਗਈ। ਮੇਲੇ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇ ਕੇ ਸੰਗਤ ਨੂੰ ਨਿਹਾਲ ਕੀਤਾ। ਸੰਤ ਰਵਿੰਦਰ ਸਿੰਘ ਜੌਹਲ ਨੇ ਸਟੇਜ ਦੀ ਜ਼ਿੰਮੇਵਾਰੀ ਬਹੁਤ ਸੁੱਚਜੇ ਢੰਗ ਨਾਲ ਨਿਭਾਈ ਅਤੇ ਸ਼ਹੀਦਾਂ ਦੀ ਯਾਦ ਉੱਪਰ ਚਾਨਣਾ ਪਾਇਆ। ਕਥਾਵਾਚਕ ਸੰਤ ਨਿਸ਼ਾਨ ਸਿੰਘ ਜੀ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਇਤਿਹਾਸ ਬਾਰੇ ਜਾਣੂੰ ਕਰਵਾਇਆ ਅਤੇ ਮਹਾਨ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹੁਕਮ ਕੀਤਾ ਕਿ ਕਥਾਵਾਚਕ ਨਿਸ਼ਾਨ ਸਿੰਘ ਜੀ ਨੇ ਜੋ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਉਹ ਨੌਜਵਾਨ ਯੂ-ਟਿਊਬ ਚੈਨਲ ਤੇ ਜਰੂਰ ਸੁਨਣ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਿਸ਼ਾਨ ਸਿੰਘ ਜੀ ਦਿੱਲੀ ਵੱਲੋਂ ਵਿੱਦਿਅਕ ਜੱਥਾ ਅੰਮ੍ਰਿਤਸਰ ਅਤੇ ਇਸਤਰੀ ਵਿੱਦਿਅਕ ਜੱਥੇ ਦੇ ਨਵੇਂ ਕਮੇਟੀ ਮੈਂਬਰਾਂ ਦੀ ਸੂਚੀ ਦਿੱਤੀ ਗਈ।

ਨਾਮਧਾਰੀ ਵਿੱਦਿਅਕ ਜੱਥਾ ਅੰਮ੍ਰਿਤਸਰ ਜ਼ਿਲ੍ਹੇ ਦੇ ਨੌਜਵਾਨ ਸਤਨਾਮ ਸਿੰਘ (ਖਿਆਲਾ), ਰਣਬੀਰ ਸਿੰਘ, ਤਨਵੀਰ ਸਿੰਘ ਠਾਕੁਰ, ਕੁਲਬੀਰ ਸਿੰਘ, ਵਜਿੰਦਰ ਸਿੰਘ, ਨਿਹਾਲ ਸਿੰਘ, ਹਰਨਾਮ ਸਿੰਘ, ਸੰਤਾ ਸਿੰਘ, ਮਾਨ ਸਿੰਘ (ਕੱਕੜ), ਆਸਾ ਸਿੰਘ, ਬਸੰਤ ਸਿੰਘ, ਗੁਰਬਾਜ ਸਿੰਘ, ਨਵਦੀਪ ਸਿੰਘ। ਐਡਵਾਇਜ਼ਰੀ ਬੋਰਡ ਰਣਜੀਤ ਸਿੰਘ, ਮਨਦੀਪ ਸਿੰਘ, ਪਰਮਜੀਤ ਸਿੰਘ, ਆਸਾ ਸਿੰਘ।

ਨਾਮਧਾਰੀ ਇਸਤਰੀ ਵਿੱਦਿਅਕ ਜੱਥਾ ਗੁਰਪ੍ਰੀਤ ਕੌਰ ਰਜਨੀ (ਅਟਾਰੀ), ਸਿਮਰਨ ਕੌਰ ਭੰਗਵਾਂ, ਦਿਲਪ੍ਰੀਤ ਕੌਰ, ਨਵਪ੍ਰੀਤ ਕੌਰ, ਗੁਰਮੀਤ ਕੌਰ, ਗੁਰਪ੍ਰੀਤ ਕੌਰ, ਕੁਲਵਿੰਦਰ ਕੌਰ, ਰਾਜਵਿੰਦਰ ਕੌਰ, ਜਸਲੀਨ ਕੌਰ।

ਸਾਬਕਾ ਐਮ. ਐਲ. ਏ ਨਵਤੇਜ ਸਿੰਘ ਚੀਮਾ ਜੀ,

ਡਾ. ਅਮਰ ਸਿੰਘ ਜੀ (ਜੀ. ਐਨ. ਡੀ. ਯੂ.) ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੇਂਦਰੀ ਮੰਤਰੀ ਹਰਿੰਦਰ ਅਗਰਵਾਲ ਜੀ, ਵਿਨੇ ਵਸ਼ਿਸ਼ਟ ਜੀ ਅਤੇ ਉਨ੍ਹਾਂ ਦੇ ਚਾਰ ਕਾਰਜ ਕਰਤਾ ਮੈਂਬਰਾਂ ਨੇ ਮੇਲੇ ਵਿੱਚ ਹਾਜ਼ਰੀ ਭਰੀ। ਰਾਜਨੀਤਿਕ ਸਖਸ਼ੀਅਤ ਸਰਦਾਰ ਜੋਗਿੰਦਰ ਪਾਲ ਸਿੰਘ ਮਜੀਠਾ ਵੀ ਮੌਜੂਦ ਸਨ। ਫਿਰ ਰਾਗੀ ਬਲਵੰਤ ਸਿੰਘ ਜੀ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਕੀਰਤਨ ਕੀਤਾ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਰਾਜਾ ਸਿੰਘ ਭੰਗਵਾਂ ਅਤੇ ਸਿਮਰਨ ਕੌਰ ਨੇ ਮੇਲੇ ਦੌਰਾਨ ਕਿਤਾਬਾਂ ਦਾ ਸਟਾਲ ਲਗਾਇਆ।

ਮੇਲੇ ਦਾ ਪ੍ਰਬੰਧ ਸੂਬਾ ਅਮਰੀਕ ਸਿੰਘ ਜੀ ਅਤੇ ਪ੍ਰਧਾਨ ਗੁਰਭੇਜ ਸਿੰਘ ਜੀ ਦੀ ਅਗਵਾਈ ਹੇਠ ਹੋਇਆ। ਮੇਲੇ ਦੀ ਸੇਵਾ ਜਥੇਦਾਰ ਦਵਿੰਦਰ ਸਿੰਘ ਜੀ (ਕੁਹਾਲੀ) ਨੇ ਕੀਤੀ। ਅੰਮ੍ਰਿਤਸਰ ਦੀ ਸਾਧ ਸੰਗਤ ਨੇ ਬਹੁਤ ਹੀ ਉਤਸ਼ਾਹ ਨਾਲ ਸੇਵਾ ਕੀਤੀ। ਲੰਗਰ ਦੀ ਸੇਵਾ ਸਰਬਜੀਤ ਸਿੰਘ, ਠਾਕੁਰ ਸਾਹਿਬਜੀਤ ਸਿੰਘ, ਅੰਮਨਦੀਪ ਸਿੰਘ, ਬਚਿੱਤਰ ਸਿੰਘ, ਹਰਪ੍ਰੀਤ ਸਿੰਘ ਰਿਆੜ, ਆਸਾ ਸਿੰਘ, ਕੁਲਬੀਰ ਸਿੰਘ, ਰਣਜੀਤ ਸਿੰਘ, ਮਨਦੀਪ ਸਿੰਘ ਅਤੇ ਪ੍ਰਮਜੀਤ ਸਿੰਘ ਵਲੋਂ ਕੀਤੀ ਗਈ। ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸਿਮਰਨ ਕੌਰ ਭੰਗਵਾਂ (ਅੰਮ੍ਰਿਤਸਰ)**

.......................................................

## ਜੱਪ ਪ੍ਰਯੋਗ ਅਮਰੀਕਾ ਕੈਲਫੋਰਨੀਆ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖਿਸ਼ਸ਼ ਸਦਕਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਨਾਮਧਾਰੀ ਸਿੱਖ ਸੰਤ ਕੈਲੇਫੋਰਨੀਆ ਦੀ ਸਾਧ ਸੰਗਤ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਕ ਸਤੰਬਰ 2024 ਤੋਂ ਅੰਮ੍ਰਿਤ ਵੇਲੇ 5 ਵਜੇ ਜੱਪ ਪ੍ਰਯੋਗ ਦਾ ਆਰੰਭ ਕੀਤਾ ਇਹ ਜੱਪ ਪ੍ਰਯੋਗ 6 ਅਕਤੂਬਰ ਤੱਕ ਹੋਇਆ ਹੈ। ਰੋਜ਼ਾਨਾ ਨਾਮ ਸਿਮਰਨ 5 ਵਜੇ ਤੋਂ 6:30 ਵਜੇ ਤੱਕ ਸਾਧ ਸੰਗਤ ਕਰਦੀ ਸੀ। ਲਾਸ ਏਜਲਸ ਦੀ ਸਾਧ ਸੰਗਤ ਸ਼ਨੀਵਾਰ ਅਤੇ ਐਤਵਾਰ ਵੱਖੋ-ਵੱਖਰੇ ਘਰਾਂ ਵਿੱਚ ਇਕੱਤਰ ਹੋ ਕੇ ਨਾਮ ਸਿਮਰਨ ਕਰਦੀ ਸੀ। ਜ਼ੂਮ ਤੇ ਵੀ ਸਾਧ ਸੰਗਤ ਇਕੱਤਰ ਹੁੰਦੀ ਸੀ। ਜਿਸ ਵਿੱਚ ਬੇਅ ਏਰੀਆ, ਯੂਥਾ ਸਿਟੀ ਅਤੇ ਫਰਿਜਨੋ ਤੋਂ ਸਾਧ ਸੰਗਤ ਜੁੜਦੀ ਰਹੀ। ਤਕਰੀਬਨ 100 ਦੇ ਕਰੀਬ ਮਾਈ ਭਾਈ ਤੇ ਬੱਚੇ ਸ਼ਾਮਲ ਹੁੰਦੇ ਰਹੇ। ਸੂਬਾ ਸੰਤ ਗੁਰਦੇਵ ਸਿੰਘ ਜੀ ਦੇ ਉੱਦਮ ਨਾਲ ਅਤੇ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਜੱਪ ਪ੍ਰਯੋਗ ਹੋਇਆ ਹੈ। ਸਾਡੀ ਸਭ ਦੀ ਏਹੋ ਅਰਦਾਸ ਹੈ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਖਸ਼ਿਸ਼ ਕਰਨ ਸਾਨੂੰ ਏਸ ਕਲਯੁੱਗ ਦੇ ਔਗੁਣਾਂ ਤੋਂ ਬਚਾਈ ਰੱਖਣ ਅਤੇ ਆਪਣੇ ਚਰਨਾਂ ਦੀ ਪ੍ਰੀਤ, ਪ੍ਰਤੀਤ ਅਤੇ ਸਿਦਕ ਭਰੋਸੇ ਦਾ ਦਾਨ ਸਾਰੀ ਸੰਗਤ ਨੂੰ ਬਖਸ਼ਣ ਅਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿ ਕੇ ਆਪਣਾ ਜੀਵਨ ਬਤੀਤ ਕਰ ਸਕੀਏ।

**ਮਨਜੀਤ ਸਿੰਘ ਜੰਡੂ**

.......................................................

## ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਮੇਲਾ

**6-10-2018**

ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਸ਼ਤਾਬਦੀ ਮੇਲਾ ਸ੍ਰੀ ਭੈਣੀ ਸਾਹਿਬ ਮਨਾਇਆ ਗਿਆ। ਅੱਜ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਇੰਦਰਪ੍ਰੀਤ ਕੌਰ ਨੇ ਮਾਤਾ ਜੀ ਦੇ ਜੀਵਨ ਬਾਰੇ ਸੰਖੇਪ ਵਿੱਚ ਸਾਧ ਸੰਗਤ ਨੂੰ ਜਾਣੂ ਕਰਵਾਇਆ। ਬੀਬੀਆਂ ਵਲੋਂ ਹਰੀਮੰਦਰ ਵਿੱਚ 101 ਵਰਨੀਆਂ ਚੌਪਈ ਦੀਆਂ ਕੀਤੀਆਂ ਗਈਆਂ। ਦੁਪਹਿਰ ਨੂੰ ਵਿਸ਼ੇਸ਼ ਪ੍ਰੋਗਰਾਮ ਸੀ ਜਿਸ ਵਿੱਚ ਤਿੰਨ ਮੁੱਖ ਵਿਦਵਾਨ ਇਸਤਰੀ ਬੁਲਾਰੇ ਬੋਲੇ। ਉਹਨਾਂ ਬਾਰੇ ਲਿਖਣ ਤੋਂ ਪਹਿਲਾਂ ਮੈਂ ਦੱਸ ਦਿਆਂ ਕਿ ਅੱਜ ਸਾਰਾ ਸਟੇਜ ਦਾ ਕਾਰਜ ਇਸਤਰੀਆਂ ਸਾਂਭ ਰਹੀਆਂ ਸਨ। ਕੀਰਤਨ ਵੀ ਅਵਤਾਰ ਕੌਰ ਦੇ ਜਥੇ ਨੇ ਕੀਤਾ। ਮਾਤਾ ਜੀ ਦੀ ਯਾਦ ਵਿੱਚ 75 ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਤੇ 5 ਲੱਖ ਇਕਾਨਵੇਂ ਹਜ਼ਾਰ ਇਕਸੌ ਉਨਾਹਟ ਪਾਠ ਚੌਪਈ ਦੇ ਸੰਗਤ ਨੇ ਕਰਕੇ ਭੋਗ ਪਵਾਏ। ਅੱਜ ਮੁੱਖ ਬੁਲਾਰਿਆ ਵਿਚੋਂ ਸਭ ਤੋਂ ਪਹਿਲਾਂ ਲਖਵਿੰਦਰ ਕੌਰ ਨੇ ਬੋਲਦਿਆਂ ਮਾਤਾ ਜੀ ਦੇ ਇਤਿਹਾਸ ਬਾਰੇ ਸੰਗਤ ਨੂੰ ਜਾਣੂ ਕਰਵਾਇਆ। ਉਹਨਾਂ ਦੱਸਿਆ ਮਾਤਾ ਜੀ 1924 ਈ. ਵਿੱਚ ਚੜਾਈ ਕੀਤੇ ਅੱਜ ਅਸੀਂ ਸੌ ਸਾਲਾ ਯਾਦਗਾਰੀ ਸਮਾਗਮ ਵਿੱਚ ਇਕੱਤਰ ਹੋ ਉਹਨਾਂ ਦੇ ਪਰਉਪਕਾਰਾਂ ਨੂੰ ਯਾਦ ਕਰ ਰਹੇ ਹਾਂ।

ਡਾ. ਅਰਵਿੰਦਰ ਕੌਰ ਕਾਕੜਾਬੀਬੀ ਜੀ ਨੇ ਸਿੱਖ ਧਰਮ ਵਿੱਚ ਦੀਆਂ ਮਹਾਨ ਸ਼ਖਸੀਅਤਾਂ ਦਾ ਜਿਕਰ ਕੀਤਾ ਅਤੇ ਇਹਨਾਂ ਦੁਆਰਾ ਖਾਲਸਾ ਪੰਥ ਦੀ ਉਸਾਰੀ ਲਈ ਪਾਏ ਗਏ ਯੋਗਦਾਨ ਦਾ ਵਰਣਨ ਕੀਤਾ। ਗੁਰੂ ਨਾਨਕ ਜੀ ਦੇ ਸਮੇਂ ਤੋਂ ਸ਼ੁਰੂ ਕਰ ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ ਅਤੇ ਮਿਸਲਾਂ ਦੇ ਸਮੇਂ ਦੇ ਇਤਿਹਾਸ ਦੀ ਜਾਣਕਾਰੀ ਦਿੱਤੀ

ਗਈ ਅਤੇ ਇਸ ਸਮੇਂ ਕਾਲ ਦੀਆ ਔਰਤਾਂ ਦਾ ਜਿਕਰ ਕੀਤਾ ਗਿਆ। ਅੰਤ ਆਪ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਜੀਵਨ ਕਾਲ ਦੀਆਂ ਮੁਸ਼ਕਲਾਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਅਤੇ ਮਾਤਾ ਜੀ ਦੇ ਨਾਮਧਾਰੀ ਪੰਥ ਦੇ ਵਿਕਾਸ ਵਿੱਚ ਪਾਏ ਗਏ ਯੋਗਦਾਨ ਨੂੰ ਉਜਾਗਰ ਕੀਤਾ।

**ਬੀਬੀ ਨਵਨੀਤ ਕੌਰ** ਦਿੱਲੀ ਵਾਲਿਆਂ ਨੇ ਆਪਣੇ ਜੱਥੇ ਸਮੇਤ ਨਾਮਧਾਰੀ ਸ਼ੈਲੀ ਵਿੱਚ ਮਾਤਾ ਭੁਪਿੰਦਰ ਕੌਰ ਦੀ ਯਾਦ ਵਿੱਚ ਕੀਰਤਨ ਕੀਤਾ। ਬੱਚੀ ਰਾਜਿੰਦਰ ਕੌਰ ਨੇ 'ਮਾਤਾ' ਸਿਰਲੇਖ ਹੇਠ ਮਾਤਾ ਭੁਪਿੰਦਰ ਕੌਰ ਦੀ ਯਾਦ ਵਿੱਚ ਕਵਿਤਾ ਪੜ੍ਹੀ।

ਇਸ ਉਪਰੰਤ ਬੀਬੀ ਪੂਨਮ ਜੀ ਸੰਪਾਦਕ 'ਪ੍ਰੀਤਲੜੀ' ਨੇ ਮਾਤਾ ਭੁਪਿੰਦਰ ਕੌਰ ਜੀ ਦੇ ਜੀਵਨ ਬਾਰੇ ਦੱਸ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਮਾਤਾ ਜੀ ਦੁਆਰਾ ਨਾਮਧਾਰੀ ਪੰਥ ਵਿੱਚ ਪਾਏ ਗਏ ਯੋਗਦਾਨ ਬਾਰੇ ਦੱਸ ਕੇ ਸੰਗਤਾਂ ਨੂੰ ਦੱਸਿਆ। ਇਸ ਤੋਂ ਉਪਰੰਤ ਬੀਬੀ ਰਾਜਿੰਦਰ ਕੌਰ ਪੰਨੂੰ ਜੀ ਨੇ 'ਜਗਤ ਮਾਤਾਵਾਂ' ਸਿਰਲੇਖ ਹੇਠ ਕਵਿਤਾ ਪੜ੍ਹੀ।

ਇਸ ਤੋਂ ਅਗਲੇ ਬੁਲਾਰੇ **ਡਾ. ਹਰਸ਼ਿੰਦਰ ਕੌਰ** ਜੀ ਨੇ ਔਰਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਦਾ ਵਰਣਨ ਕੀਤਾ। ਉਹਨਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੱਕ ਔਰਤਾਂ ਦੁਆਰਾ ਸਮਾਜ ਨਿਰਮਾਣ ਵਿੱਚ ਪਾਏ ਗਏ ਯੋਗਦਾਨ ਬਾਰੇ ਦੱਸਿਆ ਗਿਆ। ਉਹਨਾਂ ਨੇ ਬੀਬੀ ਨਾਨਕੀ, ਮਾਤਾ ਗੁਜਰੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੁਆਰਾ ਇਤਿਹਾਸ ਵਿੱਚ ਨਿਭਾਈ ਭੂਮਿਕਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਜੇਕਰ ਕੋਈ ਇਨਸਾਨ ਕਿਸੇ ਬੁਲੰਦੀ ਨੂੰ ਛੂੰਹਦਾ ਹੈ ਤਾਂ ਉਸ ਪਿੱਛੇ ਉਸ ਦੀ ਮਾਂ ਦਾ ਯੋਗਦਾਨ ਕਿਸੇ ਵੀ ਤਰੀਕੇ ਭੁਲਾਇਆ ਨਹੀਂ ਜਾ ਸਕਦਾ। ਮਾਂ ਦੁਆਰਾ ਦਿੱਤੀ ਗਈ ਸਿੱਖਿਆ ਹੀ ਕਿਸੇ ਵਿਅਕਤੀ ਦਾ ਚਰਿੱਤਰ ਘੜਦੀ ਹੈ। ਦੁਨੀਆਂ ਭਰ ਵਿੱਚ ਔਰਤ ਸੰਬੰਧੀ ਹੋਈਆਂ ਖੋਜਾਂ ਦਾ ਜਿਕਰ ਕੀਤਾ। ਨਾਮਧਾਰੀ ਔਗੈਨਿਕ ਖੇਤੀ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਸੰਗੀਤ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

ਡਾ. ਰਜਵੰਤ ਕੌਰ ਜੀ ਨੇ 'ਵਰਿਆਮ' ਬਾਰੇ ਦੱਸਦੇ ਹੋਏ ਕਿਹਾ ਕਿ ਇਸ ਮਹੀਨੇ ਦਾ 'ਵਰਿਆਮ' ਮਾਤਾ ਭੁਪਿੰਦਰ ਕੌਰ ਜੀ ਵਿਸ਼ੇਸ਼ ਅੰਕ ਛਾਪਿਆ ਗਿਆ ਹੈ।

**ਬੀਬੀ ਹਰਜਿੰਦਰ ਕੌਰ** ਰਾਣੀ ਜੀ ਅਤੇ **ਬੀਬੀ ਕਵਲਜੀਤ ਕੌਰ** ਨੂੰ ਸਤਿਗੁਰੂ ਉਦੇ ਸਿੰਘ ਜੀ ਦੁਆਰਾ **ਸੇਵਾ ਸਨਮਾਨ** ਨਾਲ ਨਿਵਾਜਿਆ ਗਿਆ ਅਤੇ ਉਪਰੋਕਤ ਦੋਵਾਂ ਬੀਬੀਆਂ ਦੇ ਮਾਣ ਪੱਤਰ ਪੜ੍ਹੇ ਗਏ। ਅੰਤ ਵਿੱਚ ਪ੍ਰੋਗਰਾਮ ਦੀ ਸਮਾਪਤੀ ਸਮੇਂ ਸੂਬਾ ਬਲਵਿੰਦਰ ਸਿੰਘ ਜੀ ਦੁਆਰਾ ਅਰਦਾਸ ਕੀਤੀ ਗਈ ਅਤੇ ਬੀਬੀ ਅਵਤਾਰ ਕੌਰ ਦੀ ਮੰਡਲੀ ਦੀਆਂ ਬੀਬੀਆਂ ਦੁਆਰਾ ਕੀਰਤਨ ਕੀਤਾ ਗਿਆ।

**ਸੰਪਾਦਕ**

.......................................................

## ਸਿਹਤ ਸੰਭਾਲ ਬਾਰੇ ਮਿੱਥਾਂ .....

ਇਸੇ ਲੜੀ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਬਿਆਨ ਦਾ ਜ਼ਿਕਰ ਵਾਜਬ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਸਿੱਧੇ ਤੌਰ 'ਤੇ ਇਸ ਧਰਤੀ 'ਤੇ ਭੇਜਿਆ ਹੈ; ਭਾਵ ਉਹ ਮਾਂ ਦੀ ਕੁੱਖ ਤੋਂ ਨਹੀਂ ਪੈਦਾ ਹੋਇਆ। ਇਹ ਸਮਾਜ ਨੂੰ ਪੱਛੜੇਪਣ ਵਿੱਚ ਰੱਖਣ ਦੀ ਚਾਲ ਹੈ ਤੇ ਆਪਣੇ ਆਪ ਨੂੰ ਆਮ ਪੁਰਖਾਂ ਨਾਲੋਂ ਉੱਤਮ ਦੱਸਣ ਦੀ ਹੋਛੀ ਗੱਲ ਹੈ। ਅੱਜ ਡਾਕਟਰੀ ਸੰਸਥਾਵਾਂ, ਤਰਕਸ਼ੀਲ ਸਮਾਜਾਂ ਅਤੇ ਵਿਗਿਆਨਕ ਨਜ਼ਰੀਏ ਵਾਲੇ ਸਹੀ ਸੋਚ ਵਾਲੇ ਲੋਕਾਂ ਲਈ ਚੁਣੌਤੀ ਵਾਲਾ ਸਮਾਂ ਹੈ। ਮੱਧਕਾਲੀ ਵਿਚਾਰਾਂ ਰਾਹੀਂ ਆਧੁਨਿਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਾਡੇ ਲੋਕਾਂ ਦੀ ਸਿਹਤ, ਖਾਸ ਕਰ ਕੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਨੂੰ ਤਰਕਹੀਣ ਵਿਚਾਰਾਂ ਵਾਲੇ ਲੋਕਾਂ ਦੁਆਰਾ ਸ਼ੋਸ਼ਣ ਲਈ ਨਹੀਂ ਛੱਡਿਆ ਜਾ ਸਕਦਾ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਵੇਂ ਔਰਤਾਂ ਨੂੰ ਪਾਗਲਪਨ ਦੇ ਬਹਾਨੇ ਜਾਦੂ ਕਿਸਮ ਦੇ ਅਖੌਤੀ ਇਲਾਜਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ; ਇਨ੍ਹਾਂ ਰੋਗਾਂ ਦਾ ਇਲਾਜ ਮਨੋਵਿਗਿਆਨਕ ਇਲਾਜ ਅਤੇ ਕੌਂਸਲਿੰਗ ਦੁਆਰਾ ਕੀਤਾ ਜਾ ਸਕਦਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਿਹਤਮੰਦ ਭਾਰਤ ਦੇ ਵਿਕਾਸ ਲਈ ਠੋਸ ਯਤਨ ਕਰਨੇ ਪੈਣਗੇ; ਨਹੀਂ ਤਾਂ ਸਿਹਤ ਸੰਭਾਲ 'ਚ ਝੂਠੀਆਂ ਧਾਰਨਾਵਾਂ ਤੇ ਮਿੱਥਾਂ ਰਾਹੀਂ ਸਾਡੀ ਬਹੁਤੀ ਗਰੀਬ ਆਬਾਦੀ ਦੀ ਸਿਹਤ ਦਾ ਸ਼ੋਸ਼ਣ ਹੁੰਦਾ ਰਹੇਗਾ। ਕੋਈ ਸਮਾਂ ਸੀ ਜਦੋਂ ਅਜਿਹੇ ਅਸਪੱਸ਼ਟ ਵਿਚਾਰ ਪੂਰੀ ਦੁਨੀਆਂ 'ਚ ਪ੍ਰਚਲਿਤ ਸਨ। ਅਨੇਕ ਦੇਸ਼ ਅਜਿਹੇ ਰੂੜੀਵਾਦੀ ਵਿਚਾਰ ਤਜ ਕੇ ਅੱਗੇ ਵਧ ਗਏ ਹਨ। ਸਾਡੇ ਦੇਸ਼ ਦੇ ਕੁਝ ਆਗੂ, ਲੋਕਾਂ ਨੂੰ ਪੁਰਾਣੀ ਸੋਚ ਵਿੱਚ ਰੱਖਣਾ ਚਾਹੁੰਦੇ ਹਨ।

**ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਜਗਤ ਮਾਤਾ ਭੁਪਿੰਦਰ ਕੌਰ ਯਾਦਗਾਰੀ ਸਨਮਾਨ

## ਪ੍ਰਾਪਤ ਕਰਤਾ: ਬੀਬੀ ਕਵਲਜੀਤ ਕੌਰ

# ਸਨਮਾਨ-ਪੱਤਰ

ਧੰਨੁ ਸੇਵਾ ਸੇਵਕੁ ਪਰਵਾਨੁ

ਸਿੱਖ ਧਰਮ ਵਿੱਚ ਸੇਵਕ ਦਾ ਰੁਤਬਾ ਸ਼੍ਰੋਮਣੀ ਹੈ। ਸੇਵਾ ਕਰਕੇ ਸਿੱਖਾਂ ਨੇ ਅਟੱਲ ਪੱਦਵੀ ਦੀ ਪ੍ਰਾਪਤੀ ਕੀਤੀ। ਜੋ ਸੇਵਕ ਨਿਮਾਣਾ ਹੋ ਕੇ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਦਾ ਹੋਇਆ ਆਪਣੇ ਪ੍ਰੀਤਮ ਗੁਰੂ ਨੂੰ ਰਜਾ ਲੈਂਦਾ ਹੈ, ਉਸ ਨੂੰ ਸਦੀਵੀ ਆਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਬੀਬੀ ਕਵਲਜੀਤ ਕੌਰ ਐਸੇ ਹੀ ਗੁਰੂ ਘਰ ਦੇ ਪ੍ਰਵਾਨਿਤ ਸੇਵਕ ਹਨ, ਜੋ ਸੇਵਾ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਦੇ ਪਾਤਰ ਬਣੇ ਹਨ।

ਬੀਬੀ ਜੀ ਦਾ ਜਨਮ ਮੰਡੀ ਸਕੇਤ ਦੇ ਟਕਸਾਲੀ ਨਾਮਧਾਰੀ ਪਰਿਵਾਰ ਸੰਤ ਸੰਤੋਖ ਸਿੰਘ ਜੀ ਅਤੇ ਮਾਤਾ ਸਤਪਾਲ ਕੌਰ ਦੇ ਘਰ 2 ਨਵੰਬਰ 1964 ਈ. ਨੂੰ ਹੋਇਆ। ਪਰਿਵਾਰ ਵਿੱਚ ਪੰਜ ਭੈਣਾਂ ਅਤੇ ਦੋ ਭਰਾਵਾਂ ਵਿੱਚੋਂ ਆਪ ਦੂਜੇ ਨੰਬਰ ਤੇ ਹੋ। ਬਾਲਪਣ ਵਿੱਚ ਹੀ ਗੁਰਬਾਣੀ ਅਤੇ ਸੁੱਚ-ਸੋਧ ਦੀ ਸਿੱਖਿਆ ਆਪਣੇ ਦਾਦਾ ਸੰਤ ਲਾਭ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ। ਸੰਤ ਲਾਭ ਸਿੰਘ ਜੀ ਗੁਰੂ ਘਰ ਦੇ ਅਨਿਨ ਸੇਵਕ ਸਨ, ਜਿਨਾਂ ਦੇ ਭੋਗ ਸਮਾਗਮ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ ਕੀਤਾ ਸੀ "ਅੱਜ ਮੇਰਾ ਮੰਡੀ ਦਾ ਥੰਮ ਚਲਾ ਗਿਆ ਹੈ।" ਮੰਡੀ ਦੌਰੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਸ਼ਾਦਾ ਅਕਸਰ ਹੀ ਬੀਬੀ ਜੀ ਦੇ ਪੇਕੇ ਘਰ ਹੁੰਦਾ ਅਤੇ ਘਰ ਵਿੱਚ ਮੇਲਾ ਬਣਿਆ ਰਹਿੰਦਾ। ਇਸ ਕਰਕੇ ਸੇਵਾ-ਸਿਮਰਨ, ਸੁੱਚ-ਸੋਧ ਦੀ ਲਗਣ ਆਪ ਨੂੰ ਬਚਪਨ ਵਿੱਚ ਹੀ ਲੱਗ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਬੀਬੀ ਜੀ ਦਾ ਰਿਸਤਾ ਥਾਈਲੈਂਡ ਨਿਵਾਸੀ ਸੰਤ ਸੰਤੋਖ ਸਿੰਘ ਜੀ ਦੇ ਸਪੁੱਤਰ ਸ. ਮਹਿਤਾਬ ਸਿੰਘ ਜੀ ਨਾਲ ਕੀਤਾ। ਰਿਸਤੇ ਉਪਰੰਤ ਬੀਬੀ ਜੀ ਦੇ ਪਿਤਾ ਜੀ ਨੇ ਅਰਜ ਕੀਤੀ "ਅਸੀਂ ਧੀ ਨੂੰ ਇਨੀ ਦੂਰ ਦੁੱਖ-ਸੁੱਖ ਵੇਲੇ ਕਿਵੇਂ ਮਿਲਾਂ ਕਰਾਂਗੇ" ਤਾਂ ਸਤਿਗੁਰੂ ਜੀ ਬਚਨ ਕੀਤਾ "ਇਹ ਮੇਰੀ ਧੀ ਹੈ, ਮੈਂ ਆਪੇ ਹੀ ਇਸ ਨੂੰ ਮਿਲ ਆਵਾਂ ਕਰਾਂਗਾ ਤੇ ਤੁਹਾਨੂੰ ਸੁੱਖ ਸਾਂਦ ਦੀ ਖ਼ਬਰ ਦੇ ਦਿਆਂ ਕਰਾਂਗਾ।" ਬੀਬੀ ਜੀ ਦਾ ਆਨੰਦ ਕਾਰਜ 1981 ਈ. ਨੂੰ ਹੋਇਆ। ਸੰਤਾਨ ਵਜੋਂ ਆਪ ਦੇ ਘਰ ਦੋ ਪੁੱਤਰ ਹਨ।

ਬੀਬੀ ਜੀ ਦੱਸਦੇ ਹਨ ਕਿ ਜਦੋਂ ਮੇਰਾ ਵਿਆਹ ਹੋਇਆ ਤਾਂ ਸਹੁਰਾ ਪਰਿਵਾਰ ਛੋਟੇ ਜਿਹੇ ਕਰਾਏ ਦੇ ਮਕਾਨ ਵਿੱਚ ਰਹਿੰਦਾ ਸੀ, ਮੇਰਾ ਮਨ ਕਰਨਾ ਸਾਡਾ ਵੀ ਆਪਣਾ ਵੱਡਾ ਮਕਾਨ ਹੋਵੇ ਤੇ ਸਤਿਗੁਰੂ ਜੀ ਅਤੇ ਸਾਧ ਸੰਗਤ ਦਾ ਡੇਰਾ ਘਰੇ ਲੱਗੇ ਤੇ ਮੈਂ ਹੱਥੀ ਸੇਵਾ ਕਰਾਂ। ਇੱਕ ਵਾਰੀ ਸ੍ਰੀ ਸਤਿਗੁਰੂ ਜੀ ਦੌਰੇ ਸਮੇਂ ਘਰੇ ਆਏ, ਬੀਬੀ ਜੀ ਨੇ ਮਨ ਦਾ ਸੰਕਲਪ ਬੈਰਾਗੀ ਹੋ ਕੇ ਦਸਿਆ ਤੇ ਕਿਹਾ "ਇਸ ਘਰ ਵਿੱਚ ਆਪ ਜੀ ਨੂੰ ਬੈਠਾਣ ਜੋਗੀ ਵੀ ਜਗ੍ਹਾ ਨਹੀਂ ਹੈ।" ਸਤਿਗੁਰੂ ਜੀ ਨੇ ਸਿਰ ਪਲੋਸਦਿਆਂ ਹੌਲੀ ਜਿਹੀ ਕੰਨ ਵਿੱਚ ਆਖਿਆ "ਕਵਲਜੀਤ ਹੌਂਸਲਾ ਰੱਖ, ਸਭ ਕੁਝ ਆ ਜਾਵੇਗਾ।" ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਬੀਬੀ ਜੀ ਦੀਆਂ ਸਧਰਾਂ ਨੂੰ ਫਲ ਲੱਗਾ। ਕੋਈ ਪਦਾਰਥਕ ਕਮੀ ਨਾ ਰਹੀ। ਬੀਬੀ ਜੀ ਦਾ ਘਰ ਸਤਿਗੁਰੂ ਜੀ ਦਾ ਡੇਰਾ ਬਣ ਗਿਆ ਅਤੇ ਸਾਧ ਸੰਗਤ ਦੇ ਮੇਲੇ ਹੋਣ ਲੱਗੇ। ਬੀਬੀ ਕਵਲਜੀਤ ਕੌਰ ਦੀ ਸੇਵਾ ਭਾਵਨਾ ਦਾ ਹਰ ਥਾਈਲੈਂਡ ਜਾਣ ਵਾਲਾ ਨਾਮਧਾਰੀ ਕਾਇਲ ਹੈ। ਸਤਿਗੁਰੂ ਜੀ ਦੀ ਇਹ ਕਿਰਪਾ ਬੀਬੀ ਜੀ ਦੇ ਸਾਰੇ ਪਰਿਵਾਰ ਉੱਤੇ ਸਦਾ ਬਣੀ ਰਹੇ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਨਾਲ ਬੀਬੀ ਕਵਲਜੀਤ ਕੌਰ ਨੂੰ "ਜਗਤ ਮਾਤਾ ਭੁਪਿੰਦਰ ਕੌਰ ਯਾਦਗਾਰੀ ਸਨਮਾਨ" ਨਾਲ ਨਿਵਾਜਿਆ ਹੈ। ਇਸ ਸ਼ੁਭ ਅਵਸਰ 'ਤੇ ਨਾਮਧਾਰੀ ਸੰਗਤ ਗੌਰਵੰਤ ਮਹਿਸੂਸ ਕਰਦੀ ਹੈ।

**ਮਿਤੀ:**
**੨0 ਅੱਸੂ ੨੦੮੧**
**6 ਅਕਤੂਬਰ 2024 ਈ.**

**ਸਥਾਨ:**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਜਗਤ ਮਾਤਾ ਭੁਪਿੰਦਰ ਕੌਰ ਯਾਦਗਾਰੀ ਸਨਮਾਨ

## ਪ੍ਰਾਪਤ ਕਰਤਾ: ਬੀਬੀ ਹਰਜਿੰਦਰ ਕੌਰ (ਰਾਣੀ)

# ਸਨਮਾਨ-ਪੱਤਰ

### ਧੰਨੁ ਸੇਵਾ ਸੇਵਕੁ ਪਰਵਾਨੁ

ਗੁਰੂ ਘਰ ਵਿੱਚ ਸੇਵਾ ਦੇ ਸੰਕਲਪ ਨੂੰ "ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ" ਕਹਿ ਕੇ ਸਤਿਕਾਰਿਆ ਗਿਆ ਹੈ। ਭੈ-ਭਾਵਨੀ ਨਾਲ ਕੀਤੀ ਸੇਵਾ ਸੇਵਕ ਨੂੰ ਸਾਹਿਬ ਵਿੱਚ ਅਭੇਦ ਕਰਨ ਦੀ ਸ਼ਕਤੀ ਰੱਖਦੀ ਹੈ। ਅਜਿਹੇ ਹੀ ਗੁਰੂ ਘਰ ਦੇ ਅਣਥੱਕ ਸੇਵਕ ਹਨ ਬੀਬੀ ਹਰਜਿੰਦਰ ਕੋਰ ਜੀ।

ਬੀਬੀ ਹਰਜਿੰਦਰ ਕੌਰ ਜੀ ਦਾ ਜਨਮ ਮੁੰਬਈ ਦੇ ਨੇਵੀ ਨਗਰ ਵਿੱਚ 4 ਅਪ੍ਰੈਲ 1955 ਈ. ਨੂੰ ਪਿਤਾ ਸ. ਪ੍ਰੀਤਮ ਸਿੰਘ ਮਾਤਾ ਰਾਮ ਪਿਆਰੀ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਭਾਰਤੀ ਨੌ ਸੈਨਾ ਵਿੱਚ ਮਾਸਟਰ ਚੀਫ਼ ਅਫ਼ਸਰ ਸਨ। ਪਰਿਵਾਰਿਕ ਪਿਛੋਕੜ ਨਾਮਧਾਰੀ ਨਹੀਂ ਸੀ। 1969 ਈ. ਵਿੱਚ ਮਾਤਾ ਰਾਮ ਪਿਆਰੀ ਬੱਚਿਆ ਨੂੰ ਲੈ ਕੇ ਆਪਣੇ ਜੱਦੀ ਪਿੰਡ ਸਤੋਰ ਜ਼ਿਲ੍ਹਾ ਹੁਸ਼ਿਆਰਪੁਰ ਆਈ ਹੋਈ ਸੀ। ਇਥੇ ਹੀ ਨਾਮਧਾਰੀ ਸਾਧੂ, ਸੰਤ ਹਰਨਾਮ ਸਿੰਘ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ। ਸੰਤਾ ਦੀ ਸਖ਼ਸ਼ੀਅਤ ਤੋਂ ਪ੍ਰਭਾਵਿਤ ਹੋ ਮਾਤਾ ਨੇ ਭਜਨ ਪੁੱਛ ਲਿਆ। ਸੰਤਾ ਨੇ ਸੁੱਚ ਸੋਧ ਰੱਖਣ ਦਾ ਉਪਦੇਸ਼ ਦਿੱਤਾ। ਥੋੜੇ ਦਿਨਾਂ ਬਾਅਦ ਜਦੋਂ ਪਿਤਾ ਪ੍ਰੀਤਮ ਸਿੰਘ ਵਾਪਸ ਪਿੰਡ ਆਏ ਤਾਂ ਮਾਤਾ ਨੇ ਮਰਿਆਦਾ ਬਾਰੇ ਦੱਸਦਿਆਂ ਇਕੱਠਿਆ ਪਤੀ ਨਾਲ ਪ੍ਰਸ਼ਾਦਾ ਛਕਣ ਤੋਂ ਮਨਾ ਕਰ ਦਿੱਤਾ। ਬੱਚਿਆਂ ਨੇ ਵੀ ਕਿਹਾ ਅਸਾਂ ਜੂਠ ਨਹੀਂ ਖਾਣੀ। ਪਿਤਾ ਨੇ ਬੱਚਿਆਂ ਤੇ ਮਾਤਾ ਦਾ ਹੱਠ ਵੇਖ ਕੇ ਆਪ ਵੀ ਭਜਨ ਪੁੱਛ ਲਿਆ। ਉਪਰੰਤ ਸ. ਪ੍ਰੀਤਮ ਸਿੰਘ ਨੇ 30 ਸਾਲ ਨੌਕਰੀ ਨਾਮਧਾਰੀ ਮਰਿਆਦਾ ਦੇ ਧਾਰਨੀ ਹੋ ਕੇ ਕੀਤੀ।

ਬੀਬੀ ਹਰਜਿੰਦਰ ਕੌਰ ਜੀ ਮੈਟ੍ਰਿਕ ਪਾਸ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1972 ਈ. ਵਿੱਚ ਆਪ ਬੀਬੀ ਹਰਜਿੰਦਰ ਕੌਰ ਦਾ ਅਨੰਦ ਕਾਰਜ ਕੈਨੇਡਾ ਨਿਵਾਸੀ ਸੂਬਾ ਰੇਸ਼ਮ ਸਿੰਘ ਜੀ ਨਾਲ ਕੀਤਾ। 1973 ਈ. ਵਿੱਚ ਬੀਬੀ ਜੀ ਪਤੀ ਦੇਵ ਕੋਲ ਕੈਨੇਡਾ ਚਲੇ ਗਏ। ਸੰਤਾਨ ਵਜੋ ਦੋ ਪੁੱਤਰਾਂ ਦੀ ਪ੍ਰਾਪਤੀ ਹੋਈ। ਸਤਿਗੁਰੂ ਜੀ ਦੇ ਹੁਕਮ ਨੂੰ ਮੁੱਖ ਰੱਖਦਿਆਂ ਇਹ ਦੰਪਤੀ ਜੋੜਾ ਸੁੱਚ ਸੋਧ ਮਰਿਆਦਾ ਦਾ ਧਾਰਨੀ ਹੋ ਗਿਆ। ਬੀਬੀ ਜੀ ਦਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਮੈਂ 47 ਸਾਲ ਇਸ ਮਰਿਆਦਾ ਨੂੰ ਨਿਭਾਅ ਸਕੀ ਹਾਂ। ਆਪ ਜੀ ਨੇ 33 ਸਾਲ ਮੈਗਮਾਂ ਇੰਟਰਨੈਸ਼ਨਲ ਕੰਪਨੀ ਵਿੱਚ ਬਤੌਰ ਵੈਲਡਰ ਵਜੋਂ ਕੰਮ ਕੀਤਾ। ਕੰਮ ਕਰਦਿਆਂ, ਘਰੋਂ ਗੁਰਬਾਣੀ ਦੇ ਸ਼ਬਦ ਲਿਖ ਕੇ ਲੈ ਜਾਣੇ ਅਤੇ ਸਾਰਾ ਦਿਨ ਯਾਦ ਕਰਨੇ; ਇਸ ਅਭਿਆਸ ਨਾਲ ਉਹਨਾਂ ਨੇ ਜਪੁ, ਜਾਪੁ, ਰਹਿਰਾਸ, ਕੀਰਤਨ ਸੋਹਿਲਾ, ਚੰਡੀ ਦੀ ਵਾਰ ਅਤੇ ਉਗ੍ਰਦੰਤੀ ਬਾਣੀਆਂ ਨੂੰ ਜ਼ਬਾਨੀ ਯਾਦ ਕਰ ਲਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਦੋਂ ਵੀ ਕੈਨੇਡਾ ਦੌਰਾ ਹੁੰਦਾ ਤਾਂ ਡੇਰਾ ਆਪ ਦੇ ਘਰ ਹੀ ਲਗਦਾ। ਸਾਧ ਸੰਗਤ ਦੀ ਸੇਵਾ ਅਤੇ ਸਤਿਗੁਰੂ ਜੀ ਦੇ ਲੰਗਰ ਦੀ ਸੇਵਾ ਬੀਬੀ ਜੀ ਨਿਭਾਉਂਦੇ ਰਹੇ। ਕੈਨੇਡਾ ਤੋਂ ਬਾਹਰ ਵੀ ਜਿਸ ਦੇਸ਼ ਵਿੱਚ ਸਤਿਗੁਰੂ ਜੀ ਗਏ ਲੰਗਰ ਦੀ ਸੇਵਾ ਅਕਸਰ ਹੀ ਬੀਬੀ ਜੀ ਕਰਦੇ ਰਹੇ। ਬੀਬੀ ਜੀ ਨੇ ਸੋਧ ਦੇ ਕਈ ਨਵੇਂ ਪਦਾਰਥ ਇਜ਼ਾਦ ਕੀਤੇ ਜੋ ਸਤਿਗੁਰੂ ਜੀ ਵਲੋਂ ਪ੍ਰਵਾਨ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਪ ਨੂੰ ਭਜਨ ਦੱਸਣ ਦਾ ਵੀ ਹੁਕਮ ਹੈ। ਕਈ ਵਾਰੀ ਕਿਸੇ ਸਰੀਰ ਨੇ ਭਜਨ ਪੁੱਛਣ ਲਈ ਅਰਜ਼ ਕਰਨੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕਰਨਾ "ਰਾਣੀ ਤੂੰ ਭਜਨ ਦੱਸ।" ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਸੇਵਾ ਵਿੱਚ ਵੀ ਬੀਬੀ ਜੀ ਸਦਾ ਹਾਜ਼ਰ ਰਹਿੰਦੇ ਹਨ। ਵਿਦੇਸ਼ੀ ਦੌਰਿਆਂ ਦੇ ਸਮੇਂ ਲੰਗਰ ਦੀ ਸੇਵਾ ਅੱਗੇ ਹੋ ਨਿਭਾਉਂਦੇ ਹਨ। ਬੀਬੀ ਜੀ ਨੇ ਸਰੀਰਕ ਕਸਰਤ ਨੂੰ ਵੀ ਆਪਣਾ ਨਿਯਮ ਬਣਾ ਕੇ ਰੱਖਿਆ ਹੈ। ਅਸੀਂ ਬੀਬੀ ਜੀ ਦੇ ਸੁਅਸਥ ਸਾਰਥਕ ਜੀਵਨ ਦੀ ਕਾਮਨਾ ਕਰਦੇ ਹਾਂ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਬੀਬੀ ਹਰਜਿੰਦਰ ਕੌਰ ਨੂੰ "ਜਗਤ ਮਾਤਾ ਭੁਪਿੰਦਰ ਕੌਰ ਜੀ ਯਾਦਗਾਰੀ ਸਨਮਾਨ" ਨਾਲ ਨਿਵਾਜਣ ਤੇ ਨਾਮਧਾਰੀ ਸੰਗਤ ਬੇਅੰਤ ਖੁਸ਼ੀ ਮਹਿਸੂਸ ਕਰਦੀ ਹੈ।

**ਮਿਤੀ:**
**੨੦ ਅੱਸੂ ੨੦੮੧**
**6 ਅਕਤੂਬਰ 2024 ਈ.**

**ਸਥਾਨ:**
**ਸ੍ਰੀ ਭੈਣੀ ਸਾਹਿਬ,**
**ਲੁਧਿਆਣਾ (ਪੰਜਾਬ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸ਼ਹੀਦ ਬਾਬਾ ਲਹਿਣਾ ਸਿੰਘ ਯਾਦਗਾਰੀ ਸਨਮਾਨ

## ਪ੍ਰਾਪਤ ਕਰਤਾ: ਕਵੀਸ਼ਰ ਜੋਗਾ ਸਿੰਘ ਭੰਭੂਰ

## ਸਨਮਾਨ-ਪੱਤਰ

ਧੰਨੁ ਸੇਵਾ ਸੇਵਕੁ ਪਰਵਾਨੁ

ਮਾਝੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਸਿੱਖੀ ਦਾ ਬਹੁਤ ਪ੍ਰਚਾਰ ਪ੍ਰਸਾਰ ਹੋਇਆ। ਅੰਮ੍ਰਿਤਸਰ ਜ਼ਿਲੇ ਦਾ ਲੋਪੋਕੀ ਦੇ ਪਾਸ ਇਕ ਪਿੰਡ ਠੱਟਾ ਹੈ। 1871 ਈ. ਦੇ ਅੰਮ੍ਰਿਤਸਰ ਬੁੱਚੜ ਬੱਧ ਸਾਕੇ ਵਿੱਚ ਅਗਸਤ 1873 ਈ. ਵਿੱਚ ਅੰਗਰੇਜ਼ ਸਰਕਾਰ ਦੁਆਰਾ ਫਾਂਸੀ ਲਾਕੇ ਸ਼ਹੀਦ ਕੀਤੇ ਜਾਣ ਵਾਲਾ ਭਾਈ ਝੰਡਾ ਸਿੰਘ ਠੱਟੇ ਦਾ ਹੀ ਨਾਮਧਾਰੀ ਸਿੰਘ ਸੀ। ਉਹਨਾਂ ਦੇ ਵੰਸ਼ ਵਿਚੋਂ ਹੀ ਮਿਲੀ, ਪ੍ਰੇਰਣਾ ਸਦਕਾ, ਇਸ ਪਿੰਡ ਦਾ ਇਕ ਗੰਡਾ ਸਿੰਘ ਨਾਮੇ ਖੇਤ ਮਜ਼ਦੂਰ, ਭਜਨ ਪੁੱਛਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਿੰਘ ਸਜਿਆ ਸੀ। ਗੰਡਾ ਸਿੰਘ ਦੇ ਭਜਨ ਪੁੱਛਦਿਆਂ ਹੀ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਸ੍ਰੀ ਭੈਣੀ ਸਾਹਿਬ ਆਉਣ ਲਈ ਕਿਹਾ। ਪਰ ਇਹ ਪਰਿਵਾਰ ਅਜੇ ਬਾਹੜੀਆਂ ਵਾਲਾ ਜ਼ਿਲ੍ਹਾ ਸ਼ੇਖੂਪੁਰਾ ਵਿੱਚ ਪੁੱਜ ਗਿਆ। ਇਥੇ ਪਹਿਲਾਂ ਵੀ ਨਾਮਧਾਰੀ ਸਿੱਖੀ ਪ੍ਰਫੁੱਲਤ ਸੀ। ਪਰ ਬਾਬਾ ਗੰਡਾ ਸਿੰਘ ਦੀ ਸੰਗਤ ਨਾਲ ਬਹੁਤ ਸਾਰੇ ਕਿਸਾਨ ਅਤੇ ਖੇਤ ਮਜ਼ਦੂਰ ਨਾਮਧਾਰੀ ਬਣੇ।

ਸਤਿਗੁਰੂ ਜੀ ਦੇ ਹੁਕਮ ਨੂੰ ਅਮਲੀ ਜਾਮਾ ਪਹਿਨਾਉਣ ਲਈ ਦੇਸ਼ ਦੀ ਵੰਡ ਤੋਂ ਕਈ ਸਾਲ ਪਹਿਲਾਂ ਇਹ ਪਰਿਵਾਰ ਸ੍ਰੀ ਭੈਣੀ ਸਾਹਿਬ ਆ ਗਿਆ। ਇਸੇ ਸਮੇਂ ਗੰਡਾ ਸਿੰਘ ਅਤੇ ਉਹਨਾਂ ਦੇ ਲੜਕੇ ਈਸ਼ਰ ਸਿੰਘ ਨੇ ਮਿਸਤਰੀ ਸੰਤਾ ਸਿੰਘ ਜੀ ਖਾਰੇ ਵਾਲਿਆਂ ਤੋਂ ਲੋਹਾਰਾ ਤਰਖਾਣਾ ਕੰਮ ਸਿੱਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਪਊਏ ਅਤੇ ਖੜਾਂਵਾਂ ਬਨਾਉਣੇ ਸ਼ੁਰੂ ਕੀਤੇ। ਇਸੇ ਸਮੇਂ ਈਸ਼ਰ ਸਿੰਘ ਦਾ ਅਨੰਦ ਕਾਰਜ, ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਆ ਕੇ ਭੈਣੀ ਸਾਹਿਬ ਰਹਿੰਦੇ ਪਰਿਵਾਰ ਦੀ ਲੜਕੀ ਬੀਬੀ ਦਾਤਾਰ ਕੌਰ ਨਾਲ ਹੋਇਆ। ਦੇਸ਼ ਵੰਡ ਤੋਂ ਬਾਅਦ ਸੰਤ ਈਸ਼ਰ ਸਿੰਘ ਭੰਭੂਰ, ਸਿਰਸਾ ਦੇ ਨੇੜੇ, ਚਲੇ ਗਏ। ਇਸ ਦੰਪਤੀ ਦੇ ਘਰ 5 ਪੁੱਤਰ ਅਤੇ 6 ਪੁੱਤਰੀਆਂ ਪੈਦਾ ਹੋਏ। 1955 ਵਿੱਚ ਭੰਭੂਰ ਵਿਖੇ ਹੀ ਇਨ੍ਹਾਂ ਦੇ ਘਰ ਜੋਗਾ ਸਿੰਘ ਦਾ ਜਨਮ ਹੋਇਆ। ਜੋਗਾ ਸਿੰਘ ਨੇ ਸੱਤ ਜਮਾਤਾਂ ਸਕੂਲੀ ਵਿਦਿਆ ਪੜ੍ਹ ਕੇ ਆਪਣੀ ਮਾਤਾ ਤੋਂ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਨਾਮਧਾਰੀ ਪੰਥ ਦੇ ਟਕਸਾਲੀ ਕਵੀਸ਼ਰ, ਸੂਬਾ ਬਹਾਲ ਸਿੰਘ ਰੋਡਿਆਂ ਵਾਲਿਆਂ ਤੋਂ ਸਿੱਖ ਕੇ ਭਾਈ ਈਸ਼ਰ ਸਿੰਘ ਵੀ ਇਕ ਕਵੀਸ਼ਰ ਵਜੋਂ ਪ੍ਰਸਿੱਧ ਹੋ ਚੁੱਕੇ ਸਨ। ਇਸ ਤਰ੍ਹਾਂ ਜੋਗਾ ਸਿੰਘ ਜੀ ਨੂੰ ਕਵੀਸ਼ਰੀ ਦੀ ਦਾਤ ਆਪਣੇ ਪਰਿਵਾਰਿਕ ਮਾਹੌਲ ਵਿਚੋਂ ਹੀ ਮਿਲੀ। ਬਚਪਨ ਤੋਂ ਹੀ ਸਕੂਲ ਜਾਂ ਹੋਰ ਮੰਚਾਂ ਉਪਰ, ਉਹ ਆਪਣੀ ਕਾਵਿ ਪ੍ਰਤਿਭਾ ਦਾ ਜੌਹਰ ਬਖੇਰਦੇ ਰਹੇ। ਉਪਜੀਵਿਕਾ ਵਜੋਂ ਜੋਗਾ ਸਿੰਘ ਰੁੱਖ ਕੱਟਣ ਦੀ ਠੇਕੇਦਾਰੀ ਕਰਦੇ ਰਹੇ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋਗਾ ਸਿੰਘ ਨੂੰ ਕਿਹਾ ਕਿ ਉਹ ਕੁਦਰਤ ਨਾਲ ਖਿਲਵਾੜ ਨਾ ਕਰੇ। ਇਸ ਤੇ ਹੁਣ ਭਾਈ ਜੋਗਾ ਸਿੰਘ ਨੇ ਆਪਣੇ ਆਪ ਨੂੰ ਮੁਕੰਮਲ ਤੌਰ ਤੇ ਕਵੀਸ਼ਰੀ ਨੂੰ ਹੀ ਸਮਰਪਿਤ ਕਰ ਦਿੱਤਾ। ਪਿਛਲੇ ਤਿੰਨ ਦਹਾਕਿਆਂ ਤੋਂ ਭਾਈ ਜੋਗਾ ਸਿੰਘ, ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਨਾਮਧਾਰੀ ਅਤੇ ਗੈਰ ਨਾਮਧਾਰੀ ਸਟੇਜਾਂ ਤੇ ਵੀ ਕਵੀਸ਼ਰੀ ਪ੍ਰਸੰਗਾਂ ਦੁਆਰਾ ਸ਼ੋਭਾ ਅਰਜਿਤ ਕਰ ਰਹੇ ਹਨ। ਉਹ ਵਧੀਆ ਕਵੀ ਵੀ ਹਨ ਅਤੇ ਅਕਸਰ ਉਹ 45 ਦੇ ਕਰੀਬ, ਗੁਰਮਤਿ ਅਤੇ ਸਿੱਖ ਸਿਧਾਂਤਾਂ ਉਪਰ ਪ੍ਰਸੰਗ ਰਚ ਕੇ ਗਾ ਚੁੱਕੇ ਹਨ। ਇਹਨਾਂ ਦੀਵਾਨਾਂ ਵਿੱਚ ਜੋਗਾ ਸਿੰਘ ਜੀ ਇਕ ਪ੍ਰਭਾਵਸ਼ਾਲੀ ਵਿਆਖਿਆਕਾਰ ਵਜੋਂ ਵੀ ਚਰਚਿਤ ਹਨ।

ਜੋਗਾ ਸਿੰਘ ਜੀ ਦਾ ਅਨੰਦ ਕਾਰਜ ਪਿੰਡ ਬਲਿਆਲਾ ਨਜ਼ਦੀਕ ਰਤੀਆ ਦੀ ਬੀਬੀ ਜਸਵਿੰਦਰ ਕੌਰ ਨਾਲ ਹੋਇਆ। ਆਪਦੀ ਸੰਤਾਨ ਇਕ ਲੜਕਾ ਅਤੇ ਦੋ ਪੁੱਤਰੀਆਂ ਹਨ। ਇਕ ਵੇਰ ਜੋਗਾ ਸਿੰਘ ਹੋਰੀਂ ਇਕ ਝੂਠੇ ਕਤਲ ਕੇਸ ਵਿੱਚ ਫਸ ਗਏ। ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਸ ਇਸ ਪ੍ਰਥਾਇ ਅਰਜ਼ ਪਹੁੰਚੀ ਤਾਂ ਆਪ ਨੇ ਫ਼ਰਮਾਇਆ ਸੀ ਕਿ ਜੋਗਾ ਸਿੰਘ ਮੇਰਾ ਪੁੱਤਰ ਹੈ। ਇਹ ਸੱਚਾ ਹੈ। ਬਰੀ ਹੋ ਜਾਏਗਾ। ਜੋਗਾ ਸਿੰਘ ਹੋਰੀਂ ਅਗਲੇ ਮਹੀਨੇ ਘਰ ਆ ਗਏ।

ਅੰਮ੍ਰਿਤਸਰ ਸਾਕੇ ਦੇ ਸ਼ਹੀਦ ਭਾਈ ਲਹਿਣਾ ਸਿੰਘ ਜੀ ਦੇ ਵੰਸ਼ਿਜ, ਸਵਰਗੀ ਠੇਕੇਦਾਰ ਸੁੱਲਖਣ ਸਿੰਘ ਦੇ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਦਾ 'ਸ਼ਹੀਦ ਬਾਬਾ ਲਹਿਣਾ ਸਿੰਘ ਯਾਦਗਾਰੀ ਸਨਮਾਨ' ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ, ਕਵੀਸ਼ਰ ਜੋਗਾ ਸਿੰਘ ਜੀ ਭੰਭੂਰ ਨੂੰ ਦਿੱਤਾ ਜਾ ਰਿਹਾ ਹੈ। ਇਸ ਤੇ ਸਮੂਹ ਨਾਮਧਾਰੀ ਜਗਤ ਗੌਰਵੰਤ ਮਹਿਸੂਸ ਕਰ ਰਿਹਾ ਹੈ।

ਅੱਸੂ ਦਾ ਮੇਲਾ
੨੦੮੧ ਬਿਕ੍ਰਮੀ ਮੁਤਾਬਿਕ
12 ਅਕਤੂਬਰ 2024

ਸਥਾਨ:
ਸ੍ਰੀ ਭੈਣੀ ਸਾਹਿਬ,
ਲੁਧਿਆਣਾ (ਪੰਜਾਬ)

# ਸੁਭਾਗ ਜੋੜੇ

















Date of Publication: 21 October 2024
Date of Posting: 23 October 2024

RNI NO.55658/93
LDM/008/2021-2023







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.